PUNJABI UNIVERSITY PATIALA

**ਬੀ. ਏ. ਭਾਗ ਦੂਜਾ** **ਸਮਾਜ ਵਿਗਿਆਨ**

**(ਸਮੈਸਟਰ ਤੀਜਾ)**

## ਯੂਨਿਟ 1

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

**ਪਾਠ ਨੰ.**

1.1 : ਸਮਾਜਿਕ ਸਤਰੀਕਰਣ : ਅਰਥ, ਆਧਾਰ ਤੇ ਕਿਸਮਾਂ

1.2 : ਸਮਾਜਿਕ ਵਖਰੇਵਾਂ ਜਾਂ ਵਿਭੇਦੀਕਰਣ

1.3 : ਸਮਾਜਿਕ ਦਰਜੇਬੰਦੀ ਦੇ ਸਿਧਾਂਤ (ਮਾਰਕਸ, ਡੇਵਿਸ ਤੇ ਮੂਰ, ਕਾਰਲ ਮਾਰਕਸ)

1.4 : ਭਾਰਤ ਵਿੱਚ ਜਾਤ ਪ੍ਰਥਾ

1.5 : ਜਾਤ-ਪ੍ਰਥਾ ਵਿੱਚ ਆ ਰਹੀ ਤਬਦੀਲੀ

1.6 : ਭਾਰਤ ਵਿੱਚ ਸ਼੍ਰੇਣੀ ਜਾਂ ਵਰਗ ਵੰਡ ਦੇ ਆਧਾਰ

1.7 : ਜਾਤ ਅਤੇ ਵਰਗ

**ਨੋਟ : ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈੱਬਸਾਈਟ www.dccpbi.com ਤੋਂ ਡਾਊਨਲੋਡ ਕਰਨ।**

ਪਾਠ ਨੰ: 1.1 ਲੇਖਕ : ਡਾ. ਹਰਿੰਦਰ ਕੌਰ

# ਸਮਾਜਿਕ ਸਤੀਕਰਣ : ਅਰਥ ਤੇ ਆਧਾਰ

## (Definition and bases of Social Stratification)

ਬਣਤਰ

1.1 ਉਦੇਸ਼
1.2 ਜਾਣ ਪਛਾਣ
1.3 ਪਰਿਭਾਸ਼ਾਵਾਂ
1.4 ਸਮਾਜਿਕ ਸਤਰੀਕਰਣ ਦੇ ਲੱਛਣ
1.5 ਸਮਾਜਿਕ ਸਤਰੀਕਰਣ ਦੇ ਆਧਾਰ
1.5.1 ਜਨਮ ਤੇ ਆਧਾਰਿਤ ਤੇ ਸਤਰੀਕਰਣ
1.5.1.1 ਲਿੰਗ ਦੇ ਆਧਾਰ ਤੇ ਸਤਰੀਕਰਣ
1.5.1.2 ਉਮਰ ਦੇ ਆਧਾਰ ਤੇ ਸਤਰੀਕਰਣ
1.5.1.3 ਨਸਲ ਦੇ ਆਧਾਰ ਤੇ ਸਤਰੀਕਰਣ
1.5.1.4 ਜਾਤ ਦੇ ਆਧਾਰ ਤੇ ਸਤਰੀਕਰਣ
1.5.2 ਅਰਜਿਤ ਹਾਲਾਤਾਂ ਤੇ ਆਧਾਰਿਤ ਸਤਰੀਕਰਣ
1.5.2.1 ਸਤਰੀਕਰਣ ਤੇ ਆਰਥਿਕ ਆਧਾਰ
1.5.2.2 ਕਿੱਤੇ ਦੇ ਆਧਾਰ ਤੇ ਸਤਰੀਕਰਣ
1.5.2.3 ਸਿੱਖਿਆ ਦੇ ਆਧਾਰ ਤੇ ਸਤਰੀਕਰਣ
1.5.2.4 ਸਤਰੀਕਰਣ ਦੇ ਰਾਜਨੀਤਿਕ ਆਧਾਰ
1.6 ਸਮਾਜਿਕ ਸਤਰੀਕਰਣ ਦੀਆਂ ਕਿਸਮਾਂ
1.6.1 ਬੰਦ ਸਤਰੀਕਰਣ
1.6.2 ਖੁੱਲ੍ਹਾ ਸਤਰੀਕਰਣ
1.7 ਸਾਰ
1.8 ਅਭਿਆਸ ਲਈ ਪ੍ਰਸ਼ਨ
1.9 ਮੁੱਖ ਸ਼ਬਦ
1.10 ਉਪਯੋਗੀ ਪੁਸਤਕਾਂ

## 1.1 ਉਦੇਸ਼

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਜਾਣ ਸਕੋਗੇ:

- ਸਮਾਜਿਕ ਸਤਰੀਕਰਣ ਦਾ ਅਰਥ
- ਵੱਖ-ਵੱਖ ਸਮਾਜ ਵਿਗਿਆਨੀਆਂ ਦੀ ਸਮਾਜਿਕ ਸਤਰੀਕਰਣ ਬਾਰੇ ਪਰਿਭਾਸ਼ਾ
- ਸਮਾਜਿਕ ਸਤਰੀਕਰਣ ਦੇ ਮੁੱਖ ਲੱਛਣ
- ਸਮਾਜਿਕ ਸਤਰੀਕਰਣ ਦੇ ਆਧਾਰ

## 1.2 ਜਾਣ ਪਛਾਣ

ਸਤਰੀਕਰਣ ਲਾਤੀਨੀ ਭਾਸ਼ਾ ਦੇ ਸ਼ਬਦ Strata ਤੋਂ ਨਿਕਲਿਆ ਹੈ ਜਿਸ ਦਾ ਅਰਥ ਹੈ ਸੱਤਰ, ਪਰਤਾਂ ਜਾਂ ਤਿਹਾਂ। ਜਦੋਂ ਅਸੀਂ ਸਮਾਜਿਕ ਸਤਰੀਕਰਣ ਦੀ ਗੱਲ ਕਰਦੇ ਹਾਂ ਤਾਂ ਇਸਦਾ ਅਰਥ ਹੈ ਕਿ ਸਾਡੇ ਸਮਾਜ ਵਿਚ ਵੀ ਵੱਖ-ਵੱਖ ਸੱਤਰ, ਪਰਤਾਂ ਜਾਂ ਤਿਹਾਂ ਬਣੀਆਂ ਹੋਈਆਂ ਹਨ। ਇਹ ਪਰਤਾਂ ਜਾਂ ਸੱਤਰ ਲੋਕਾਂ ਦੀ ਸਮਾਜਿਕ ਪ੍ਰਤਿਸ਼ਠਾ, ਸ਼ਕਤੀ ਜਾਂ ਅਧਿਕਾਰ ਤੇ ਆਧਾਰਿਤ ਹੁੰਦੇ ਹਨ। ਸਮਾਜ ਵਿਗਿਆਨੀਆਂ ਦਾ ਮੱਤ ਹੈ ਕਿ ਸੰਸਾਰ ਦੇ ਹਰ ਸਮਾਜ ਵਿਚ ਇਸ ਤਰ੍ਹਾਂ ਨਿਖੜਵੇਂ ਸਮੂਹ ਮਿਲਦੇ ਹਨ ਜਿਹੜੇ ਕਿ ਸਮਾਜ ਨੂੰ ਵੱਖ-ਵੱਖ ਭਾਗਾਂ ਵਿਚ ਵੰਡਦੇ ਹਨ ਜਾਂ ਕਹਿ ਲਵੋ ਇਸ ਦੀਆਂ ਪਰਤਾਂ ਬਣਾਉਂਦੇ ਹਨ। ਬੇ ਸ਼ਕ ਮਨੁੱਖ ਹਮੇਸ਼ਾਂ ਹੀ ਇਕ ਵਰਗ ਰਹਿਤ ਸਮਾਜ ਦੀ ਕਲਪਨਾ ਕਰਦਾ ਰਿਹਾ ਹੈ ਜਿਸ ਵਿਚ ਸਾਰੇ ਲੋਕ ਇਕੋ ਜਿਹੇ ਹੋਣ, ਕੋਈ ਉੱਚ ਜਾਂ ਨੀਵਾਂ, ਅਮੀਰ ਜਾਂ ਗਰੀਬ ਨਾ ਹੋਵੇ ਹਰ ਹਕੀਕਤ ਵਿਚ ਇਹੋ ਜਿਹਾ ਸਮਾਜ ਕਦੇ ਵੀ ਨਹੀਂ ਬਣਿਆ। ਜੇਕਰ ਅਸੀਂ ਆਦਿ ਸਮਾਜ ਦੀ ਗੱਲ ਕਰੀਏ ਜੋ ਕਿ ਬਹੁਤ ਹੀ ਸਾਧਾਰਨ ਸੀ ਪਰ ਉਸ ਵਿਚ ਉਮਰ, ਲਿੰਗ ਅਤੇ ਸਰਦਾਰੀ ਤੇ ਆਧਾਰਿਤ ਸਤਰੀਕਰਣ ਸੀ ਅਤੇ ਹੌਲੀ-ਹੌਲੀ ਇਹ ਪ੍ਰਣਾਲੀ ਵਿਸਤ੍ਰਿਤ ਅਤੇ ਜਟਿਲ ਹੁੰਦੀ ਗਈ ਜਿਉਂ ਜਿਉਂ ਸਮਾਜ ਗੁੰਝਲਦਾਰ ਹੁੰਦਾ ਗਿਆ। ਆਧੁਨਿਕ ਸਮਾਜਾਂ ਵਿਚ ਇਸ ਸਤਰੀਕਰਣ ਦੇ ਵੱਖੋ-ਵੱਖ ਕਾਰਨ ਹੋ ਸਕਦੇ ਹਨ। ਭਾਵੇਂ ਉਹ ਸਮਾਜਿਕ ਹੋਣ, ਆਰਥਿਕ, ਰਾਜਨੀਤਿਕ ਜਾਂ ਧਾਰਮਿਕ ਪਰ ਹਰੇਕ ਸਮਾਜ ਵਿਚ ਇਕ ਜਾਂ ਦੂਸਰੇ ਕਿਸਮ ਦਾ ਸਤਰੀਕਰਣ ਹੋਣਾ ਲਾਜਮੀ ਹੀ ਹੈ।

ਵੱਖੋ-ਵੱਖ ਸਮਾਜ ਵਿਗਿਆਨੀਆਂ ਨੇ ਸਮਾਜਿਕ ਸਤਰੀਕਰਣ ਨੂੰ ਵੱਖੋ-ਵੱਖ ਤਰੀਕਿਆਂ ਨਾਲ ਪਰਿਭਾਸ਼ਿਤ ਕੀਤਾ ਹੈ। ਸਮਾਜਿਕ ਸਤਰੀਕਰਣ ਉਹ ਪ੍ਰਕ੍ਰਿਆ ਹੈ ਜਿਸ ਰਾਹੀਂ ਮਨੁੱਖ ਜਾਂ ਸਮੂਹਾਂ ਨੂੰ ਪਰਸਥਿਤੀ ਦੀ ਪੌੜੀ ਵਿਵਸਥਾ (hierarchy) ਵਿਚ ਘੱਟ ਵੱਧ ਸਥਾਈ ਰੂਪ ਵਿਚ ਸ਼੍ਰੇਣੀਬੱਧ ਕੀਤਾ ਜਾਂਦਾ ਹੈ। ਇਹ ਵਿਵਸਥਾ ਸਮਾਜ ਨੂੰ ਅਲੱਗ ਅਲੱਗ ਪਰਤਾਂ ਵਿਚ ਵੰਡ ਕੇ ਸਮਾਜਿਕ ਜੀਵਨ ਨੂੰ ਵਿਵਸਥਤ ਕਰਨ ਦੀ ਕੋਸ਼ਿਸ਼ ਕਰਦੀ ਹੈ।

## 1.3 ਪਰਿਭਾਸ਼ਾਵਾਂ

ਗਿਜਬਰਟ ਅਨੁਸਾਰ, ''ਸਮਾਜਿਕ ਸਤਰੀਕਰਣ ਦਾ ਅਰਥ ਸਮਾਜ ਨੂੰ ਕੁਝ ਅਜਿਹੀਆਂ ਸਥਾਈ ਸ਼੍ਰੇਣੀਆਂ ਅਤੇ ਸਮੂਹਾਂ ਵਿਚ ਵੰਡਣ ਦੀ ਵਿਵਸਥਾ ਤੋਂ ਹੈ ਜਿਸ ਦੇ ਅਨੁਸਾਰ ਉਹ ਆਪਸ ਵਿਚ ਉੱਤਮਤਾ ਅਤੇ ਅਧੀਨਤਾ ਦੇ ਸੰਬੰਧਾਂ ਦੇ ਆਧਾਰ ਤੇ ਇਕ ਦੂਜੇ ਨਾਲ ਜੁੜੇ ਰਹਿੰਦੇ ਹਨ।''

(Social stratification is the division of society in permanent groups or categories linked with each other by the relationship of super ordination and subordination - Gishert)

ਰੇਮੰਡ ਡਬਲਿਊ ਮੂਰੇ ਦੇ ਸ਼ਬਦਾਂ ਵਿਚ, ''ਸਤਰੀਕਰਣ ਸਮਾਜ ਦਾ ਉੱਚਤਮ ਅਤੇ ਨਿਮਨਤਰ ਇਕਾਈਆਂ

ਵਿਚ ਸਮਸੱਤਰੀ ਜਾਂ ਅਨੁਪ੍ਰਸਥ ਵੰਡ ਹੈ।''

(Stratification is a horizontal division of society into higher and lower units"-Raymond Murey. W.)

''ਪਿਤਰਮ ਸੋਰੋਕਿਨ ਦਾ ਕਹਿਣਾ ਹੈ ਕਿ ਸਮਾਜਿਕ ਸਤਰੀਕਰਣ ਪ੍ਰਸਤੂਤ ਜਨਸੰਖਿਆ ਦਾ ਪਦ-ਸੋਪਾਨ ਜਾਂ ਪੌੜੀ ਵਿਵਸਥਾ (hierarchy) ਵਰਗਾਂ ਵਿਚ ਵਖਰੇਵਾਂ ਕਰਨਾ ਹੈ। ਇਸ ਦਾ ਪ੍ਰਗਟਾਓ ਸਮਾਜ ਦੇ ਉੱਚੇ ਅਤੇ ਨੀਵੇਂ ਪੱਧਰ ਰਾਹੀਂ ਹੁੰਦਾ ਹੈ।''

("Social stratification means the differentiation of a given population into hierarchically-supperposed classes. It is manifested in the existence of upper and lower social layer" - Pitrim Sorokin)

''ਔਗਬਰਨ ਅਤੇ ਨਿਮਕੌਫ ਅਨੁਸਾਰ ਸਤਰੀਕਰਣ ਉਸ ਪ੍ਰਕ੍ਰਿਆ ਨੂੰ ਕਹਿੰਦੇ ਹਨ ਜਿਸ ਦੁਆਰਾ ਵਿਅਕਤੀ ਅਤੇ ਸਮੂਹ ਇਕ ਸਥਾਈ ਸਥਿਤੀ ਦੀ ਕ੍ਰਮਬੱਧਤਾ ਵਿਚ ਵੰਡੇ ਜਾਂਦੇ ਹਨ।

(The process by which individuals and groups are ranked in a more or less enduring hierarchy of status is know as stratification-Ogburn and Nimkoff)

ਕਿੰਗਸਲੇ ਡੇਵਿਡ ਅਨੁਸਾਰ, ''ਸਮਾਜਿਕ ਅਸਮਾਨਤਾ ਇਕ ਅਚੇਤਨ ਰੂਪ ਨਾਲ ਅਪਣਾਈ ਇਹੋ ਜਿਹੀ ਵਿਧੀ ਹੈ ਜਿਸ ਰਾਹੀਂ ਅਲੱਗ ਅਲੱਗ ਸਮਾਜ ਇਹ ਯਕੀਨੀ ਬਣਾਉਂਦੇ ਹਨ ਕਿ ਸਭ ਤੋਂ ਜਿਆਦਾ ਮਹੱਤਵਪੂਰਨ ਅਹੁਦਿਆਂ ਤੇ ਚੇਤਨ ਰੂਪ ਨਾਲ ਸਭ ਤੋਂ ਜ਼ਿਆਦਾ ਯੋਗ ਵਿਅਕਤੀ ਨੂੰ ਰੱਖਿਆ ਗਿਆ ਹੈ। ਇਸ ਲਈ ਹਰੇਕ ਸਮਾਜ ਵਿਚ ਚਾਹੇ ਉਹ ਸਾਧਾਰਨ ਸਮਾਜ ਹੋਵੇ ਜਾਂ ਗੁੰਝਲਦਾਰ, ਸੰਸਥਾਗਤ ਸਮਾਨਤਾ ਅਤੇ ਸਮਾਜਿਕ ਸਤਰੀਕਰਨ ਹੋਣਾ ਜ਼ਰੂਰੀ ਹੈ।'

(Social inequality is thus an unconsciously evolved device by which societies ensure that the most important positions are consciously filled by the most qualified persons. Hence every society, no matter simple or complex must differentiate persons in terms of both cetige and esteem"-K. Davis).

ਕਰਟ ਬੀ. ਮੇਅਰ ਦੇ ਮੁਤਾਬਿਕ, ''ਸਮਾਜਿਕ ਸਤਰੀਕਰਣ, ਵਿਭੇਦੀਕਰਨ ਦੀ ਪ੍ਰਣਾਲੀ ਹੈ ਜਿਸ ਵਿਚ ਸਮਾਜਿਕ ਰੁਤਬਿਆਂ ਦਾ ਪ੍ਰਦਕ੍ਰਮ ਹੁੰਦਾ ਹੈ ਅਤੇ ਜਿਨ੍ਹਾਂ ਨੂੰ ਧਾਰਨ ਕਰਨ ਵਾਲਿਆਂ ਨੂੰ ਸਮਾਜਿਕ ਤੌਰ ਤੇ ਮਹੱਤਵਪੂਰਨ ਪੱਖਾਂ ਤੋਂ ਇਕ ਦੂਜੇ ਦੀ ਤੁਲਨਾ ਵਿਚ ਉੱਤਮ, ਬਰਾਬਰ ਜਾਂ ਘਟੀਆਂ ਸਮਝਿਆ ਜਾਂਦਾ ਹੈ।''

("Social stratification is a system of differentiation which includes a hirarchy of social positions whose occupants are treated as superior equal or inferior relative to one another in socially important respects"-Kurt B. Mayer)

## 1.4 ਸਮਾਜਿਕ ਸਤਰੀਕਰਣ ਦੇ ਲੱਛਣ

ਉਪਰੋਕਤ ਪਰਿਭਾਸ਼ਾਵਾਂ ਦੀ ਪੜਚੋਲ ਕਰਨ ਤੇ ਸਤਰੀਕਰਣ ਦੇ ਹੇਠ ਲਿਖੇ ਲੱਛਣ ਸਾਹਮਣੇ ਆਉਂਦੇ ਹਨ:

(1) ਇਹ ਸਮਾਜ ਵੰਡੀ ਦੀ ਸਥਾਈ ਵਿਵਸਥਾ ਹੈ।

(2) ਇਹ ਵਿਅਕਤੀ ਜਾਂ ਸਮੂਹਾਂ ਦੀ ਪਦਕ੍ਰਮ ਵਿਚ ਸਫਬੰਦੀ ਹੈ।

(3) ਵੱਖ-ਵੱਖ ਸਮੂਹਾਂ ਜਾਂ ਵਿਅਕਤੀਆਂ ਨਾਲ ਖਾਸ ਸ਼ਕਤੀ ਅਤੇ ਪ੍ਰਤਿਸ਼ਠਾ ਜੁੜੀ ਹੁੰਦੀ ਹੈ।

(4) ਅਲੱਗ-ਅਲੱਗ ਸਮਾਜਿਕ ਸਮੂਹਾਂ ਵਿਚ ਉੱਤਮਤਾ ਅਤੇ ਅਧੀਨਗੀ ਦਾ ਸੰਬੰਧ ਸਥਾਪਿਤ ਕਰਦੀ ਹੈ।

(5) ਇਹ ਪ੍ਰਤਿਯੋਗਤਾ ਨੂੰ ਵਧਾਵਾ ਦਿੰਦੀ ਹੈ।

## 1.5 ਸਮਾਜਿਕ ਸਤਰੀਕਰਣ ਦੇ ਆਧਾਰ

ਭਾਵੇਂ ਸਤਰੀਕਰਣ ਦੇ ਬਹੁਤ ਸਾਰੇ ਆਧਾਰਾਂ ਦਾ ਉਲੇਖ ਕੀਤਾ ਜਾ ਸਕਦਾ ਹੈ ਪਰ ਹਰੇਕ ਸਮਾਜ ਇਨ੍ਹਾਂ ਵਿਚੋਂ ਕੁਝ ਕੁ ਤੱਤਾਂ ਨੂੰ ਆਧਾਰ ਮੰਨ ਕੇ ਸਮਾਜਿਕ ਵਿਵਸਥਾ ਨੂੰ ਨਿਸ਼ਚਿਤ ਰੂਪ ਦਿੰਦਾ ਹੈ। ਮੁੱਖ ਰੂਪ ਵਿਚ ਸਤਰੀਕਰਨ ਦੇ ਦੋ ਆਧਾਰ ਹਨ। ਪਹਿਲਾ ਆਧਾਰ ਹੈ ਮਨੁੱਖ ਦਾ ਜਨਮ ਅਤੇ ਦੂਸਰਾ ਉਸ ਦੀਆਂ ਪ੍ਰਾਪਤੀਆਂ। ਇਸ ਲਈ ਅਸੀ ਕਹਿ ਸਕਦੇ ਹਾਂ ਕਿ ਇਕ ਜਨਮ ਤੇ ਆਧਾਰਿਤ ਸਤਰੀਕਰਣ ਹੁੰਦਾ ਹੈ ਅਤੇ ਦੂਸਰਾ ਅਰਜਿਤ ਹਾਲਤਾਂ ਤੇ ਆਧਾਰਿਤ ਸਤਰੀਕਰਣ ਜਿਹੜਾ ਕਿ ਮਨੁੱਖ ਦੀਆਂ ਆਪਣੀਆਂ ਯੋਗਤਾਵਾਂ ਅਤੇ ਪ੍ਰਾਪਤੀਆਂ ਤੇ ਨਿਰਭਰ ਹੁੰਦਾ ਹੈ।

### 1.5.1 ਜਨਮ ਤੇ ਆਧਾਰਿਤ ਤੇ ਸਤਰੀਕਰਣ

ਇਸ ਸਤਰੀਕਰਣ ਦੇ ਆਧਾਰ ਲਿੰਗ, ਉਮਰ, ਨਸਲ ਅਤੇ ਜਾਤ ਆਦਿ ਹੁੰਦੇ ਹਨ।

#### 1.5.1.1 ਲਿੰਗ ਦੇ ਆਧਾਰ ਤੇ ਸਤਰੀਕਰਣ (Stratification based on sex):

ਹਰੇਕ ਸਮਾਜ ਵਿਚ ਔਰਤ ਅਤੇ ਮਰਦ ਨੂੰ ਇਕ ਨਿਸ਼ਚਿਤ ਸਥਿਤੀ ਪ੍ਰਾਪਤ ਹੁੰਦੀ ਹੈ ਅਤੇ ਉਸ ਅਨੁਸਾਰ ਹੀ ਉਨ੍ਹਾਂ ਦਾ ਉੱਚਾ ਨੀਵਾਂ ਦਰਜਾ ਹੁੰਦਾ ਹੈ। ਉਦਾਹਰਣ ਵਜੋਂ ਮਾਤਾ ਪ੍ਰਧਾਨ ਸਮਾਜ ਵਿਚ ਔਰਤ ਦਾ ਦਰਜਾ ਮਰਦਾਂ ਦੇ ਮੁਕਾਬਲੇ ਉੱਚਾ ਹੁੰਦਾ ਹੈ ਅਤੇ ਪਿਤਾ ਪ੍ਰਧਾਨ ਸਮਾਜ ਵਿਚ ਮਰਦਾਂ ਦੀ ਸਥਿਤੀ ਔਰਤਾਂ ਦੀ ਤੁਲਨਾ ਵਿਚ ਉੱਚੀ ਹੁੰਦੀ ਹੈ ਜਿਵੇਂ ਕਿ ਭਰਤੀ ਸਮਾਜ ਵਿਚ। ਇਨ੍ਹਾਂ ਸਮਾਜਾਂ ਵਿਚ ਵੰਸ਼ ਵੀ ਪਿਤਾ ਦੇ ਨਾਂ ਤੇ ਹੀ ਚਲਦਾ ਹੈ ਅਤੇ ਕਈ ਤਰ੍ਹਾਂ ਦੇ ਧਾਰਮਿਕ ਕਾਂਡ ਵੀ ਪੁੱਤਰ ਹੀ ਨਿਭਾ ਸਕਦੇ ਹਨ। ਇਥੋਂ ਤੱਕ ਕਿ ਸੰਪਤੀ ਤੇ ਵੀ ਪੁੱਤਰ ਦਾ ਹੀ ਅਧਿਕਾਰ ਮੰਨਿਆ ਜਾਂਦਾ ਹੈ। ਇਹ ਸਤਰੀਕਰਣ ਦਾ ਇਕ ਸਰਵ-ਵਿਆਪਕ ਆਧਾਰ ਹੈ ਜੋ ਸੰਸਾਰ ਦੇ ਸਾਰੇ ਸਮਾਜਾਂ ਨੂੰ ਦੋ ਹਿੱਸਿਆ ਵਿਚ ਵੰਡਦਾ ਹੈ। ਔਰਤਾਂ ਅਤੇ ਮਰਦਾਂ ਵਿਚ ਕੁਝ ਜੀਵ ਵਿਗਿਆਨਕ ਭਿੰਨਤਾਵਾਂ ਹੁੰਦੀਆਂ ਹਨ ਇਸੇ ਲਈ ਉਨ੍ਹਾਂ ਦੁਆਰਾ ਵੱਖੋ-ਵੱਖਰੀਆਂ ਭੂਮਿਕਾਵਾਂ ਨਿਭਾਈਆਂ ਜਾਂਦੀਆਂ ਹਨ। ਔਰਤਾਂ ਨੂੰ ਮਰਦਾਂ ਦੇ ਮੁਕਾਬਲੇ ਸਰੀਰਕ ਰੂਪ ਤੋਂ ਕਮਜ਼ੋਰ ਅਤੇ ਕੋਮਲ ਮੰਨਿਆ ਜਾਂਦਾ ਹੈ। ਇਸੇ ਕਰਕੇ ਉਨ੍ਹਾਂ ਨੂੰ ਸਿਰਫ਼ ਘਰੇਲੂ ਕੰਮ ਅਤੇ ਬੱਚੇ ਪੈਦਾ ਕਰਨਾ ਤੇ ਉਨ੍ਹਾਂ ਨੂੰ ਪਾਲਣ ਪੋਸ਼ਣ ਵਰਗੀਆਂ ਭੂਮਿਕਾਵਾਂ ਨਿਭਾਉਣ ਲਈ ਪ੍ਰੇਰਿਆ ਜਾਂਦਾ ਹੈ। ਪਰ ਇਹ ਧਾਰਨਾ ਠੀਕ ਨਹੀਂ। ਅਜੋਕੇ ਯੁੱਗ ਵਿਚ ਔਰਤਾਂ ਨੇ ਇਸ ਧਾਰਨਾ ਨੂੰ ਗਲਤ ਸਾਬਤ ਕਰ ਦਿਖਾਇਆ ਹੈ।

#### 1.5.1.2 ਉਮਰ ਦੇ ਆਧਾਰ ਤੇ ਸਤਰੀਕਰਣ (Stratification based on age)

ਕਿਸੇ ਵੀ ਸਮਾਜ ਵਿਚ ਜਦੋਂ ਵਿਅਕਤੀ ਦੇ ਫਰਜ਼ ਅਤੇ ਅਧਿਕਾਰ ਨਿਸ਼ਚਿਤ ਕੀਤੇ ਜਾਂਦੇ ਹਨ ਤਾਂ ਉਨ੍ਹਾਂ ਦੀ ਉਮਰ ਨੂੰ ਧਿਆਨ ਵਿਚ ਰਖਿਆ ਜਾਂਦਾ ਹੈ। ਬਜ਼ੁਰਗ ਲੋਕਾਂ ਨੂੰ ਆਮ ਤੌਰ ਤੇ ਤਜ਼ਰਬੇ ਵਾਲੇ ਵਿਅਕਤੀ ਹੋਣ ਦੇ ਕਾਰਨ ਸਮਾਜ ਵਿਚ ਉੱਚੀ ਸਥਿਤੀ ਪ੍ਰਦਾਨ ਕੀਤੀ ਜਾਂਦੀ ਹੈ। ਸਰੀਰਕ ਸਮਰੱਥਾ ਅਤੇ ਬੌਧਿਕ ਸਤਰ ਵਿਚ ਭਿੰਨਤਾ ਹੋਣ ਦੇ ਕਾਰਨ ਵੱਖੋਂ-ਵੱਖਰੇ ਉਮਰ ਵਾਲੇ ਲੋਕਾਂ ਨੂੰ ਹਰੇਕ ਸਮਾਜ ਵਿਚ ਵੱਖੋ-ਵੱਖਰੀਆਂ ਸਥਿਤੀਆਂ ਪ੍ਰਦਾਨ ਕਰਨਾ ਜ਼ਰੂਰੀ ਹੈ। ਸਾਰੇ ਉਮਰ ਸਮੂਹਾਂ ਨੂੰ ਨਾ ਤਾਂ ਇਕੋ ਜਿਹੇ ਪੱਧਰ ਤੇ ਰੱਖਿਆ ਜਾ ਸਕਦਾ ਹੈ ਅਤੇ ਨਾ ਹੀ ਸਮਾਜ ਉਨ੍ਹਾਂ ਤੋਂ ਇਕੋ ਜਿਹੇ ਫਰਜ਼ ਨਿਭਾਉਣ ਦੀ ਉਮੀਦ ਕਰ ਸਕਦਾ ਹੈ। ਕਿਉਂਕਿ ਬੱਚੇ ਉਹ ਫਰਜ਼ ਨਹੀਂ ਨਿਭਾ ਸਕਦੇ ਜੋ ਨੌਜਵਾਨ ਨਿਭਾ ਸਕਦੇ ਹਨ ਅਤੇ ਨੌਜਵਾਨ ਉਨ੍ਹੀ ਸਮਝਦਾਰੀ ਨਾਲ ਕੰਮ ਨਹੀਂ ਕਰ ਸਕਦੇ ਜਿਨ੍ਹਾਂ ਕਿ ਬਜ਼ੁਰਗ। ਇਸ ਲਈ ਉਮਰ ਦੇ ਆਧਾਰ ਤੇ ਸਤਰੀਕਰਣ ਹਰ ਸਮਾਜ ਵਿਚ ਪਾਇਆ ਜਾਂਦਾ ਹੈ ਇਹ ਵੀ ਇਕ ਸਰਵ ਵਿਆਪੀ ਪਰਪੰਚ ਹੈ।

ਉਮਰ ਦੇ ਆਧਾਰ ਤੇ ਸਮਾਜ ਵਿਚ ਚਾਰ ਮੁੱਖ ਸਮੂਹ ਪਾਏ ਜਾਂਦੇ ਹਨ, ਬੱਚੇ, ਨੌਜਵਾਨ, ਪ੍ਰੋੜ ਅਤੇ ਬਜੁਰਗ। ਇਨ੍ਹਾਂ ਚਾਰੇ ਸਮੂਹਾਂ ਨੂੰ ਵੱਖੋ-ਵੱਖਰੇ ਕੰਮ ਅਤੇ ਅਧਿਕਾਰ ਸੌਂਪੇ ਜਾਂਦੇ ਹਨ। ਉਮਰ ਦੇ ਆਧਾਰ ਤੇ ਹੀ ਪ੍ਰਾਚੀਨ ਭਾਰਤ ਵਿਚ ਜੀਵਨਕਾਲ ਨੂੰ ਚਾਰ ਹਿੱਸਿਆ ਵਿਚ ਵੰਡ ਕੇ ਵੱਖੋ-ਵੱਖ ਫਰਜ਼ ਨਿਭਾਉਣ ਦੀ ਸਿੱਖਿਆ ਦਿੱਤੀ ਜਾਂਦੀ ਹੈ। ਜਿਨ੍ਹਾਂ ਨੂੰ ਬ੍ਰਹਮਚਾਰੀ ਆਸ਼ਰਮ, ਗ੍ਰਹਿਸਥ ਆਸ਼ਰਮ, ਵਾਨਪ੍ਰਸਥ ਆਸ਼ਰਮ ਅਤੇ ਸੰਨਿਆਸ ਆਸ਼ਰਮ ਕਿਹਾ ਜਾਂਦਾ ਸੀ। ਪਹਿਲੀ ਅਵਸਥਾ ਵਿਚ ਮੁੱਖ ਕੰਮ ਗਿਆਨ ਦੀ ਪ੍ਰਾਪਤੀ ਸੀ। ਦੂਜੀ ਅਵਸਥਾ ਵਿਚ ਪਰਿਵਾਰਕ ਜੀਵਨ ਬਿਤਾਉਣ ਸੰਬੰਧੀ ਫਰਜ਼ਾਂ ਅਤੇ ਕੰਮਾਂ ਨੂੰ ਨਿਭਾਉਣਾ। ਤੀਸਰੀ ਅਵਸਥਾ ਵਿਚ ਪਰਿਵਾਰਕ ਮੋਹ ਤਿਆਗ ਕੇ ਸਮਾਜ ਭਲਾਈ ਦੇ ਕੰਮ ਕਰਨਾ ਅਤੇ ਚੌਥੀ ਅਵਸਥਾ ਵਿਚ ਸੰਨਿਆਸ ਧਾਰਨ ਕਰਨਾ ਅਤੇ ਆਪਣੇ ਜੀਵਨ ਵਿਚ ਤਜਰਬਿਆਂ ਦੇ ਆਧਾਰ ਤੇ ਲੋਕਾਂ ਨੂੰ ਉਪਦੇਸ਼ ਦੇਣਾ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਹਰ ਉਮਰ ਦੇ ਕੰਮ, ਫਰਜ਼ ਅਤੇ ਅਧਿਕਾਰ ਵੱਖੋਂ-ਵੱਖਰੇ ਤਰੀਕੇ ਨਾਲ ਨਿਭਾਏ ਜਾਂਦੇ ਹਨ।

### 1.5.1.3 ਨਸਲ ਦੇ ਆਧਾਰ ਤੇ ਸਤਰੀਕਰਣ (Stratification based on Race)

ਵੱਖੋ-ਵੱਖ ਸਮਾਜਾਂ ਵਿਚ ਕਈ ਨਸਲਾਂ ਪਾਈਆਂ ਜਾਂਦੀਆਂ ਹਨ। ਉਨ੍ਹਾਂ ਵਿਚੋਂ ਕੁਝ ਨਸਲਾਂ ਨੂੰ ਉੱਤਮ ਮੰਨਿਆ ਜਾਂਦਾ ਹੈ ਅਤੇ ਕੁਝ ਨੀਵੇਂ ਦਰਜੇ ਦੀਆਂ ਹੁੰਦੀਆਂ ਹਨ। ਉਦਾਹਰਣ ਦੇ ਤੌਰ ਤੇ ਭਾਰਤ ਵਿਚ ਆਰੀਆ ਲੋਕ ਆਪਣੇ ਆਪ ਨੂੰ ਉੱਤਮ ਨਸਲ ਸਮਝਦੇ ਹਨ, ਜਦੋਂ ਕਿ ਇਥੋਂ ਦੇ ਲੋਕਲ ਲੋਕਾਂ ਨੂੰ ਉਹ ਦਾਸ ਆਖਦੇ ਸਨ। ਇਸੇ ਤਰ੍ਹਾਂ ਅਮਰੀਕਾ ਦੇ ਗੋਰੇ ਲੋਕ ਆਪਣੇ ਆਪ ਨੂੰ ਉੱਤਮ ਮੰਨਦੇ ਹਨ ਅਤੇ ਨੀਗਰੋਜ਼ (ਕਾਲਿਆ) ਨੂੰ ਨੀਵਾਂ ਦਰਜਾ ਦਿੱਤਾ ਜਾਂਦਾ ਹੈ। ਇਹ ਲੋਕ ਕੇਵਲ ਰੰਗ, ਨੈਣ ਨਕਸ, ਕੱਦ, ਵਾਲਾਂ ਦੀ ਬਨਾਵਟ ਆਦਿ ਨਾਲ ਹੀ ਇਕ ਦੂਸਰੇ ਤੋਂ ਵੱਖਰੇ ਨਹੀਂ ਹੁੰਦੇ ਸਗੋਂ ਉਨ੍ਹਾਂ ਨੂੰ ਬੌਧਿਕ ਪੱਧਰ ਤੇ ਵੀ ਉੱਚੀ ਜਾਂ ਨੀਵੀਂ ਸਥਿਤੀ ਪ੍ਰਦਾਨ ਕੀਤੀ ਜਾਂਦੀ ਹੈ।

### 1.5.1.4 ਜਾਤ ਦੇ ਆਧਾਰ ਤੇ ਸਤਰੀਕਰਣ (Stratification based on Caste)

ਜਾਤ ਜਨਮ ਤੇ ਆਧਾਰਿਤ ਸਤਰੀਕਰਣ ਦੀ ਇਕ ਬਹੁਤ ਹੀ ਵਧੀਆ ਉਦਾਹਰਣ ਹੈ। ਭਾਰਤੀ ਸਮਾਜ ਇਸ ਜਾਤ ਵਿਵਸਥਾ ਦੀ ਉਲੇਖ ਯੋਗ ਉਦਾਹਰਣ ਹੈ। ਜਾਤ ਇਕ ਬੰਦ ਸਮੂਹ ਹੈ। ਜਿਸ ਦੇ ਵਿਚ ਲੋਕਾਂ ਦੀ ਸਥਿਤੀ ਮੈਂਬਰਸ਼ਿਪ ਤੇ ਆਧਾਰਿਤ ਹੁੰਦੀ ਹੈ ਭਾਵ ਉਹ ਜਿਸ ਜਾਤ ਵਿਚ ਜਨਮ ਲੈਂਦੇ ਹਨ ਸਾਰੀ ਉਮਰ ਉਸ ਦੇ ਮੈਂਬਰ ਰਹਿੰਦੇ ਹਨ। ਆਪਣੀ ਮਰਜ਼ੀ ਨਾਲ ਜਾਤ ਨਹੀਂ ਬਦਲ ਸਕਦੇ ਅਤੇ ਉਨ੍ਹਾਂ ਦਾ ਕਿੱਤਾ ਵੀ ਪਹਿਲਾਂ ਹੀ ਨਿਰਧਾਰਿਤ ਹੁੰਦਾ ਹੈ। ਲੁਹਾਰ ਦਾ ਬੇਟਾ ਲੁਹਾਰ ਹੀ ਬਣਦਾ ਹੈ ਉਹ ਆਪਣੀ ਮਰਜ਼ੀ ਨਾਲ ਕਿੱਤਾ ਨਹੀਂ ਚੁਣੇ ਸਕਦਾ। ਇਸੇ ਤਰ੍ਹਾਂ ਪੂਰਾ ਸਮਾਜ ਮੁੱਖ ਚਾਰ ਜਾਤੀਆਂ ਵਿਚ ਵੰਡਿਆ ਹੈ। ਬ੍ਰਾਹਮਣ, ਖਤਰੀ, ਵੈਸ਼ ਅਤੇ ਸ਼ੂਦਰ, ਬ੍ਰਾਹਮਣਾਂ ਦੀ ਸਥਿਤੀ ਇਸ ਪੌੜੀ ਵਿਵਸਥਾ ਵਿਚ ਸਭ ਤੋਂ ਉਪਰਲੇ ਟੰਬੇ ਤੇ ਆਉਂਦੀ ਹੈ ਭਾਵ ਉਨ੍ਹਾਂ ਨੂੰ ਸਭ ਤੋਂ ਉੱਤਮ ਮੰਨਿਆ ਜਾਂਦਾ ਹੈ। ਦੂਜੇ ਦਰਜੇ ਤੇ ਖੱਤਰੀ, ਫੇਰ ਵੈਸ਼ ਤੇ ਸੂਦਰਾਂ ਨੂੰ ਸਭ ਤੋਂ ਨੀਵਾਂ ਦਰਜਾ ਪ੍ਰਦਾਨ ਕੀਤਾ ਜਾਂਦਾ ਹੈ। ਇਨ੍ਹਾਂ ਦੀ ਜਾਤ ਤੇ ਆਧਾਰਿਤ ਹੀ ਕਿੱਤਾ ਵੰਡ ਕੀਤੀ ਹੋਈ ਸੀ। ਬ੍ਰਾਹਮਣ ਧਰਮ ਸੰਬੰਧੀ ਅਤੇ ਉਪਦੇਸ਼ ਦੇਣ ਜਾਂ ਪੜ੍ਹਾਉਣ ਦਾ ਕੰਮ ਕਰਦੇ ਸਨ। ਖੱਤਰੀ ਲੜਾਈ ਜਾਂ ਯੁੱਧ ਕਰਨ ਲਈ ਹੁੰਦੇ ਸਨ, ਵੈਸ਼ ਵਿਉਪਾਰ ਕਰਦੇ ਸੀ ਅਤੇ ਸੂਦਰਾਂ ਵਿਚ ਬਾਕੀ ਸਾਰੇ ਕਿਸਮਾਂ ਦੇ ਨੀਵੀਆਂ ਜਾਤਾਂ ਦੇ ਲੋਕ ਜਿਵੇਂ ਲੁਹਾਰ, ਚਮਾਰ ਆਦਿ ਹੁੰਦੇ ਸਨ।

### 1.5.2 ਅਰਜਿਤ ਹਾਲਾਤਾਂ ਤੇ ਆਧਾਰਿਤ ਸਤਰੀਕਰਣ (Stratification based on achieved status)

ਹਰੇਕ ਸਮਾਜ ਵਿਚ ਚਾਹੇ ਉਹ ਕਿੰਨਾ ਵੀ ਰੂੜੀਵਾਦੀ ਕਿਉਂ ਨਾ ਹੋਵੇ ਵਿਅਕਤੀ ਦੀਆਂ ਯੋਗਤਾਵਾਂ ਨੂੰ ਜ਼ਰੂਰ ਕੁਝ ਨਾ ਕੁਝ ਮਹੱਤਵ ਦਿੱਤਾ ਜਾਦਾ ਹੈ। ਪ੍ਰਾਚੀਨ ਸਮਾਜਾਂ ਵਿਚ ਜ਼ਿਆਦਾ ਜ਼ੋਰ ਜਨਮ ਤੇ ਆਧਾਰਿਤ

ਸਤਰੀਕਰਣ ਤੇ ਦਿੱਤਾ ਜਾਂਦਾ ਸੀ ਪਰ ਆਧੁਨਿਕ ਗੁੰਝਲਦਾਰ ਸਮਾਜ ਵਿਚ ਇਹ ਵਿਅਕਤੀ ਦੀ ਯੋਗਤਾ ਤੇ ਨਿਰਭਰ ਕਰਦਾ ਹੈ। ਇਸੇ ਤਰ੍ਹਾਂ ਕਿੱਤਿਆਂ ਦੀ ਵੰਡ ਵੀ ਅੱਜਕੱਲ੍ਹ ਜਨਮ ਤੇ ਆਧਾਰਿਤ ਨਹੀਂ ਰਹੀ ਬਲਕਿ ਮੁਕਾਬਲਿਆਂ ਅਤੇ ਯੋਗਤਾਵਾਂ ਅਨੁਸਾਰ ਸਥਿਤੀ ਪ੍ਰਾਪਤ ਕੀਤੀ ਜਾਂਦੀ ਹੈ। ਇਕ ਗਰੀਬ ਘਰਾਣੇ ਅਤੇ ਨੀਵੀ ਜਾਤ ਦਾ ਬੱਚਾ ਆਪਣੀ ਕਾਬਲੀਅਤ ਯੋਗਤਾ ਅਤੇ ਮਿਹਨਤ ਨਾਲ ਡਾਕਟਰ ਜਾਂ ਇੰਜੀਨੀਅਰ ਬਣ ਸਕਦਾ ਹੈ। ਪੈਸਾ ਸਿੱਖਿਆ, ਕਿੱਤਾ ਅਤੇ ਰਾਜਨੀਤੀ ਵਰਗੇ ਤੱਕ ਅਰਜਿਤ ਕੀਤੀ ਸਤਰੀਕਰਣ ਦੇ ਮੁੱਖ ਆਧਾਰ ਹਨ।

## 1.5.2.1 ਸਤਰੀਕਰਣ ਤੇ ਆਰਥਿਕ ਆਧਾਰ (Economic bases of stratification)

ਕਿਸੇ ਵੀ ਸਮਾਜ ਵਿਚ ਅਮੀਰ ਅਤੇ ਗਰੀਬ ਦੀ ਵੰਡ ਲਾਜ਼ਮੀ ਹੈ। ਕੁਝ ਉਹ ਲੋਕ ਹਨ ਜਿਨ੍ਹਾਂ ਕੋਲ ਸੰਪਤੀ ਹੈ ਅਤੇ ਕੁਝ ਅਜਿਹੇ ਹਨ ਜੋ ਸਿਰਫ ਆਪਣੀ ਮਿਹਨਤ ਵੇਚ ਸਕਦੇ ਹਨ। ਇਹ ਜ਼ਰੂਰੀ ਨਹੀਂ ਕਿ ਹਰੇਕ ਮਨੁੱਖ ਨੂੰ ਸੰਪਤੀ ਵਿਰਸੇ ਵਿਚ ਹੀ ਮਿਲੀ ਹੋਵੇ ਉਸ ਨੇ ਆਪਣੀ ਮਿਹਨਤ ਤੇ ਕਾਬਲੀਅਤ ਨਾਲ ਇਸ ਨੂੰ ਹਾਸਿਲ ਕੀਤਾ ਹੁੰਦਾ ਹੈ। ਸੰਸਾਰ ਦੇ ਲਗਭਗ ਸਾਰੇ ਸਮਾਜ ਆਰਥਿਕ ਆਧਾਰ ਤੇ ਤਿੰਨ ਵਰਗਾਂ ਵਿਚ ਵੰਡੇ ਹੁੰਦੇ ਹਨ ਅਮੀਰ ਵਰਗ, ਮੱਧ ਵਰਗ ਅਤੇ ਗਰੀਬ ਵਰਗ। ਇਹ ਸਮੂਹ ਵੀ ਅੱਗੇ ਕਈ ਉੱਪ ਸਮੂਹਾਂ ਵਿਚ ਵੰਡੇ ਹੁੰਦੇ ਹਨ। ਵੱਖੋ-ਵੱਖ ਸਮੇਂ ਇਨ੍ਹਾਂ ਸਮੂਹਾਂ ਦੀ ਸਥਿਤੀ ਬਦਲਦੀ ਰਹਿੰਦੀ ਹੈ। ਇਕ ਗਰੀਬ ਵਰਗ ਦਾ ਵਿਅਕਤੀ ਪੈਸਾ ਕਮਾ ਕੇ ਅਮੀਰ ਵਰਗ ਦਾ ਮੈਂਬਰ ਬਣ ਸਕਦਾ ਹੈ। ਉਘੇ ਵਿਗਿਆਨੀਆਂ ਜਿਵੇਂ ਕਾਰਲ ਮਾਰਕਸ, ਸੋਰੋਕਿਨ ਅਤੇ ਮੈਕਸ ਵੈਬਰ ਨੇ ਆਰਥਿਕ ਤੱਤ ਨੂੰ ਸਤਰੀਕਰਣ ਦਾ ਬਹੁਤ ਹੀ ਮਹੱਤਵਪੂਰਨ ਤੱਤ ਦਸਿਆ ਹੈ। ਕਾਰਲ ਮਾਰਕਸ ਨੇ ਸਮਾਜ ਦੇ ਦੋ ਤਬਕਿਆਂ ਬੁਰਜੂਆ ਅਤੇ ਪ੍ਰੋਲੋਤਾਰੀਅਤ ਨੂੰ ਅਹਿਮੀਅਤ ਦਿੱਤੀ ਹੈ। ਉਸ ਅਨੁਸਾਰ ਬੁਰਜੂਆ ਪੂੰਜੀਪਤੀ ਜਾਂ ਸਰਮਾਏਦਾਰ ਲੋਕ ਹਨ, ਜਿਨ੍ਹਾਂ ਦਾ ਪੈਦਾਵਾਰੀ ਢਾਂਚੇ ਤੇ ਕੰਟਰੋਲ ਹੈ ਜਿਨ੍ਹਾਂ ਕੋਲ ਧਨ ਅਤੇ ਸੰਪਤੀ ਹੈ। ਪਰ ਦੂਸਰੇ ਪਾਸੇ ਪ੍ਰੋਲੋਤਾਰੀਅਤ ਲੋਕ-ਕਾਮੇ ਜਾਂ ਕਿਰਤੀ ਹਨ ਜੋ ਆਪਣਾ ਢਿੱਡ ਭਰਨ ਲਈ ਆਪਣੀ ਮਿਹਨਤ ਵੇਚਦੇ ਹਨ। ਬੁਰਜੂਆਂ ਜਮਾਤ ਹਮੇਸ਼ਾਂ ਦੂਸਰੇ ਵਰਗ ਦਾ ਸ਼ੋਸ਼ਣ ਕਰਦੀ ਹੈ। ਇਹ ਤਬਕੇ ਹਰੇ ਕ ਸਰਮਾਏਦਾਰੀ ਸਮਾਜ ਵਿਚ ਪਾਏ ਜਾਂਦੇ ਹਨ। ਇਨ੍ਹਾਂ ਸਮਾਜਾਂ ਵਿਚ ਸਭ ਤੋਂ ਅਮੀਰ ਵਿਅਕਤੀਆਂ ਦੀ ਸਥਿਤੀ ਸਭ ਤੋਂ ਉੱਚੀ ਹੁੰਦੀ ਹੈ।

## 1.5.2.2 ਕਿੱਤੇ ਦੇ ਆਧਾਰ ਤੇ ਸਤਰੀਕਰਣ (Stratification based on occupation)

ਕਿਸੇ ਵੀ ਸਮਾਜ ਵਿਚ ਸਾਰੇ ਕਿੱਤਿਆ ਨੂੰ ਇਕੋ ਜਿਹੀ ਮਾਨਤਾ ਨਹੀਂ ਦਿੱਤੀ ਜਾਂਦੀ ਕਿਉਂਕਿ ਸਾਰੇ ਕਿੱਤੇ ਇਕੋ ਪੱਧਰ ਦੇ ਨਹੀਂ ਹੁੰਦੇ। ਹਰੇਕ ਸਮਾਜ ਵਿਚ ਇਨ੍ਹਾਂ ਦੀ ਮਹੱਤਤਾ ਦੇ ਆਧਾਰ ਤੇ ਇਨ੍ਹਾਂ ਨੂੰ ਖਾਸ ਸ਼੍ਰੇਣੀ ਵਿਚ ਰਖਿਆ ਜਾਂਦਾ ਹੈ। ਸਾਰੇ ਸਮਾਜਾਂ ਵਿਚ ਕਿੱਤਿਆਂ ਜਾਂ ਸਤਰੀਕਰਣ ਇਕ ਹੀ ਕ੍ਰਮ ਵਿਚ ਨਹੀਂ ਕੀਤਾ ਜਾਂਦਾ। ਉਹ ਕਿੱਤੇ ਜੋ ਸਮਾਜ ਲਈ ਬੜੇ ਮਹੱਤਵਪੂਰਨ ਹਨ, ਉਨ੍ਹਾਂ ਦੀ ਸਥਿਤੀ ਸਭ ਤੋਂ ਉੱਚੀ ਹੁੰਦੀ ਹੈ, ਅਤੇ ਇਨ੍ਹਾਂ ਲਈ ਖਾਸ ਸਿੱਖਿਆ ਅਤੇ ਸਿਖਲਾਈ ਦੀ ਜ਼ਰੂਰਤ ਹੁੰਦੀ ਹੈ। ਕੋਈ ਵੀ ਵਿਅਕਤੀ ਜਿਸ ਵਿਚ ਉਸ ਕਿੱਤੇ ਸੰਬੰਧੀ ਯੋਗਤਾ ਹੋਵੇ ਉਹ ਉਸ ਨੂੰ ਹਾਸਿਲ ਕਰ ਸਕਦਾ ਹੈ। ਕਿੰਗਸਲੇ ਡੇਵਿਸ ਅਨੁਸਾਰ ਖਾਸ ਕਿੱਤੇ ਲਈ ਯੋਗ ਮੈਂਬਰਾਂ ਦੀ ਪ੍ਰਾਪਤੀ ਵੀ ਉਸ ਕਿੱਤੇ ਦੀ ਸਥਿਤੀ ਨੂੰ ਪ੍ਰਭਾਵਿਤ ਕਰਦੀ ਹੈ। ਆਧੁਨਿਕ ਸਮੇਂ ਵਿਚ ਆਪਣੀ ਕਾਰਜਕੁਸ਼ਲਤਾ, ਯੋਗਤਾ, ਮਿਹਨਤ ਅਤੇ ਸੇਵਾ ਦੇ ਆਧਾਰ ਤੇ ਵਿਅਕਤੀ ਆਪਣੇ ਕਿਰਤ ਕਰਨ ਵਾਲੇ ਸਮੂਹ ਵਿਚ ਆਪਣੀ ਸਥਿਤੀ ਵਿਚ ਤਬਦੀਲੀ ਕਰ ਸਕਦਾ ਹੈ। ਉਦਾਹਰਣ ਵਜੋਂ ਯੂਨੀਵਰਸਿਟੀ ਵਿਚ ਕਿੱਤਿਆਂ ਦੇ ਆਧਾਰ ਤੇ 'ਟੀਚਿੰਗ ਅਤੇ ਨਾਨਟੀਚਿੰਗ' ਵਿਚ ਨਿਖੇੜਾ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਵਿਚ ਸਤਰੀਕਰਣ ਇਕ ਹੋਰ ਲੈਵਲ ਤੇ ਵੀ ਹੁੰਦਾ ਹੈ ਜਿਸ ਦਾ

ਆਧਾਰ ਰੁੱਤਬਾ ਜਾਂ ਸਟੇਟਸ ਹੁੰਦਾ ਹੈ। ਜਿਵੇਂ ਕਿ 'ਨਾਨਟੀਚਿੰਗ' ਵਿਚ ਇਕ ਚਪੜਾਸੀ ਤੋਂ ਲੈ ਕੇ ਵੀ.ਸੀ. ਤੱਕ ਕਈ ਰੁੱਤਬੇ ਮੌਜੂਦ ਹਨ। ਹਰ ਕਿੱਤੇ ਅਤੇ ਰੁੱਤਬੇ ਨਾਲ ਕੁਝ ਅਧਿਕਾਰ ਅਤੇ ਫਰਜ਼ ਜੁੜੇ ਹੁੰਦੇ ਹਨ ਜੋ ਉਸ ਵਿਅਕਤੀ ਨੇ ਉਸ ਪਦ ਤੇ ਰਹਿੰਦੇ ਹੋਏ ਨਿਭਾਉਂਦੇ ਹੁੰਦੇ ਹਨ। ਇਸ ਤਰ੍ਹਾਂ ਕਿੱਤੇ ਦੇ ਨਾਲ ਇਕ ਖਾਸ ਕਿਸਮ ਦੀ ਸ਼ਕਤੀ ਅਤੇ ਪ੍ਰਤਿਸ਼ਠਾ ਜੁੜੀ ਹੁੰਦੀ ਹੈ ਜੋ ਉਸ ਨੂੰ ਦੂਜੇ ਨਾਲੋਂ ਉੱਚਾ ਜਾਂ ਨੀਵਾਂ ਬਣਾ ਦਿੰਦੀ ਹੈ ਅਤੇ ਸਤਰੀਕਰਣ ਵੀ ਵਜ੍ਹਾ ਬਣਦੀ ਹੈ।

### 1.5.2.3 ਸਿੱਖਿਆ ਦੇ ਆਧਾਰ ਤੇ ਸਤਰੀਕਰਣ (Stratification based on Education)

ਸਿਖਿਆ ਦੇ ਆਧਾਰ ਤੇ ਸਮਾਜ ਵਿਚ ਮੁੱਖ ਦੋ ਵਰਗ ਪਾਏ ਜਾਂਦੇ ਹਨ ਪਹਿਲਾਂ ਪੜ੍ਹਿਆ ਵਰਗ ਅਤੇ ਦੂਸਰਾ ਅਨਪੜ੍ਹ ਵਰਗ। ਹਰੇਕ ਸਮਾਜ ਵਿਚ ਸਾਰੇ ਵਿਅਕਤੀ ਇਕੋ ਜਿਹੇ ਨਹੀਂ ਹੁੰਦੇ, ਵਿਅਕਤੀਆਂ ਦੀਆਂ ਯੋਗਤਾਵਾਂ, ਸਮਰਥਾਵਾਂ ਅਤੇ ਕੁਸ਼ਲਤਾਵਾਂ ਵਿਚ ਅੰਤਰ ਹੁੰਦਾ ਹੈ। ਸਤਰੀਕਰਣ ਇਸ ਅੰਤਰ ਦਾ ਹੀ ਨਤੀਜਾ ਹੈ। ਕੁਸ਼ਲ, ਯੋਗ ਅਤੇ ਪੜ੍ਹੇ ਲਿਖੇ ਵਿਅਕਤੀ ਉੱਚ ਵਰਗ ਵਿਚ ਸ਼ਾਮਿਲ ਕੀਤੇ ਜਾਂਦੇ ਹਨ ਜਦੋਂ ਕਿ ਅਨਪੜ੍ਹ ਲੋਕ ਨੀਵੇਂ ਵਰਗ ਵਿਚ ਰੱਖੇ ਜਾਂਦੇ ਹਨ।

### 1.5.2.4 ਸਤਰੀਕਰਣ ਦੇ ਰਾਜਨੀਤਿਕ ਆਧਾਰ (Political basis of Stratification)

ਹਰੇਕ ਸਮਾਜ ਚਾਹੇ ਉਹ ਪ੍ਰਾਚੀਨ ਹੋਵੇ ਜਾਂ ਆਧੁਨਿਕ ਸੱਤਾ ਦੇ ਆਧਾਰ ਤੇ ਉਸਦੀ ਵੰਡ ਹੁੰਦੀ ਰਹੀ ਹੈ। ਪ੍ਰਾਚੀਨ ਸਾਧਾਰਨ ਸਮਾਜ ਵਿਚ ਰਾਜਨੀਤਿਕ ਵਿਵਸਥਾ ਵੀ ਸਾਧਾਰਨ ਪ੍ਰਕ੍ਰਿਤੀ ਦੀ ਸੀ ਅਤੇ ਵੰਸਾਨੂਗਤ ਸ਼ਾਸਨ ਹੁੰਦਾ ਸੀ। ਆਧੁਨਿਕ ਸਮੇਂ ਵਿਚ ਜਿਵੇਂ-ਜਿਵੇਂ ਸਮਾਜ ਗੁੰਝਲਦਾਰ ਹੁੰਦੇ ਗਏ ਉਸੇ ਤਰ੍ਹਾਂ ਰਾਜਨੀਤਿਕ ਸਮੂਹਾਂ ਦੀ ਜਟਿਲਤਾ ਵਧੀ, ਸਮਾਜਿਕ ਸਤਰੀਕਰਣ ਦੀ ਪ੍ਰਕ੍ਰਿਆ ਵੀ ਜਟਿਲ ਹੁੰਦੀ ਗਈ। ਵੱਖ-ਵੱਖ ਸਮਾਜਾਂ ਵਿਚ ਵੱਖ-ਵੱਖ ਰਾਜਨੀਤਿਕ ਵਿਵਸਥਾ ਦਾ ਵਿਕਾਸ ਹੋਇਆ ਜਿਸ ਨੇ ਸ਼ਾਸ਼ਕਾਂ ਨੂੰ ਅਤੇ ਆਮ ਲੋਕਾਂ ਦੀ ਸਥਿਤੀ ਨੂੰ ਪ੍ਰਭਾਵਿਤ ਕੀਤਾ। ਕਈ ਸਮਾਜਾਂ ਵਿਚ ਸਮਾਜਵਾਦ ਜਿਵੇਂ ਰੂਸ, ਕਿਤੇ ਲੋਕਤੰਤਰ ਜਿਵੇਂ ਭਾਰਤ ਅਤੇ ਕਈ ਥਾਵਾਂ ਤੇ ਵੰਸ਼ਾਨੂਗਤ ਸ਼ਾਸਨ, ਜਿਵੇਂ ਇੰਗਲੈਂਡ ਜਾਂ ਨੇਪਾਲ ਵਿਚ ਵੱਖੋ-ਵੱਖਰੀ ਰਾਜਨੀਤਿਕ ਵਿਵਸਥਾ ਨਿਰਧਾਰਿਤ ਕਰਦਾ ਹੈ। ਹਰੇਕ ਸਮਾਜ ਦੀ ਨਾਗਰਿਕ ਪ੍ਰਸ਼ਾਸਨਿਕ ਵਿਵਸਥਾ ਵਿਚ ਸਤਰੀਕਰਣ ਪਾਇਆ ਜਾਂਦਾ ਹੈ। ਵੱਖ-ਵੱਖ ਅਫਸਰਾਂ ਨੂੰ ਉਨ੍ਹਾਂ ਦੀ ਪ੍ਰਕ੍ਰਿਤੀ ਦੇ ਆਧਾਰ ਤੇ ਵੱਖ-ਵੱਖ ਸਥਿਤੀਆਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਆਮ ਤੌਰ ਤੇ ਹਰੇਕ ਸਮਾਜ ਦੋ ਵਰਗਾਂ ਵਿਚ ਵੰਡਿਆ ਹੁੰਦਾ ਹੈ, ਸ਼ਾਸਕ ਵਰਗ ਅਤੇ ਸ਼ਾਸਿਤ ਵਰਗ, ਸ਼ਾਸਕ ਵਰਗ ਦੀ ਸਥਿਤੀ ਸ਼ਾਸਿਤ ਵਰਗ ਦੀ ਤੁਲਨਾ ਵਿਚ ਹਮੇਸ਼ਾ ਉੱਚੇ ਦਰਜੇ ਦੀ ਹੁੰਦੀ ਹੈ। ਸ਼ਾਸਕ ਉਹ ਹੁੰਦੇ ਹਨ ਜਿਨ੍ਹਾਂ ਕੋਲ ਤਾਕਤ (ਪਾਵਰ) ਹੁੰਦੀ ਹੈ ਅਤੇ ਸ਼ਾਸ਼ਿਤ ਉਹ ਹੁੰਦੇ ਹਨ ਜਿਨ੍ਹਾਂ ਉਪਰ ਤਾਕਤ ਵਰਤੀ ਜਾਂਦੀ ਹੈ। ਅਜੋਕੇ ਸਮਿਆਂ ਵਿਚ ਐਮ.ਐਲ.ਏ., ਐਮ.ਪੀ.. ਮਨਿਸਟਰ ਅਤੇ ਹੋਰ ਰਾਜਨੀਤਿਕ ਅਹੁਦੇਦਾਰਾਂ ਦੀ ਚੜ੍ਹਤ ਵੇਖਣ ਨੂੰ ਮਿਲਦੀ ਹੈ।

## 1.6 ਸਮਾਜਿਕ ਸਤਰੀਕਰਣ ਦੀਆਂ ਕਿਸਮਾਂ

ਜੇ ਅਸੀਂ ਇਨ੍ਹਾਂ ਸਾਰਿਆਂ ਆਧਾਰਾਂ ਨੂੰ ਵਿਚਾਰਦੇ ਹੋਏ ਸ਼ਤਰੀਕਰਣ ਦੀਆਂ ਕਿਸਮਾਂ ਬਾਰੇ ਜਾਣਨਾ ਹੋਵੇ ਤਾਂ ਸਾਨੂੰ ਉਸ ਸਮਾਜ ਵਿਚ ਪ੍ਰਚੱਲਤ ਕਦਰਾਂ ਕੀਮਤਾਂ, ਪ੍ਰੰਪਰਾਵਾਂ, ਪ੍ਰਥਾਵਾਂ ਅਤੇ ਪ੍ਰਚੱਲਿਤ ਸੰਸਥਾਵਾਂ ਆਦਿ ਨੂੰ ਵੇਖਣਾ ਪਵੇਗਾ। ਪਰ ਮੋਟੇ ਰੂਪ ਵਿਚ ਸਤਰੀਕਰਣ ਦੋ ਹੀ ਕਿਸਮ ਦਾ ਪਾਇਆ ਜਾਂਦਾ ਹੈ:

(i) ਬੰਦ ਸਤਰੀਕਰਣ ਵਿਵਸਥਾ

(ii) ਖੁੱਲ੍ਹੀ ਸਤਰੀਕਰਣ ਵਿਵਸਥਾ

### 1.6.1 ਬੰਦ ਸਤਰੀਕਰਣ (Closed Stratification System)

ਭਾਰਤ ਅਤੇ ਅਮਰੀਕਾ ਦੇ ਸਮਾਜ ਬੰਦ ਸਤਰੀਕਰਣ ਦੀਆਂ ਦੋ ਵਿਸ਼ੇਸ਼ ਉਦਾਹਰਣਾਂ ਹਨ। ਬੰਦ ਸਤਰੀਕਰਣ ਸ਼ਬਦ ਤੋਂ ਹੀ ਜ਼ਾਹਰ ਹੈ ਕਿ ਜਿਸ ਪ੍ਰਬੰਧ ਵਿਚ ਸਮਾਜਕ ਗਤੀਸ਼ੀਲਤਾ ਨਾ ਦੇ ਬਰਾਬਰ ਹੁੰਦੀ ਹੈ। ਭਾਵ ਜਿਸ ਸਮਾਜਿਕ ਸਮੂਹ ਵਿਚ ਤੁਸੀਂ ਜਨਮ ਲੈ ਲਿਆ ਉਸੇ ਵਿਚ ਹੀ ਮਰਨਾ ਹੈ। ਜਿਸ ਦੀ ਉਦਾਹਰਣ ਸਾਡਾ ਜਾਤੀ ਪ੍ਰਬੰਧ ਵਾਲਾ ਸਮਾਜ ਹੈ। ਜਿਸ ਵਿਚ ਸਮਾਜਕ ਰੁੱਤਬਾ ਤੁਹਾਡੇ ਜਨਮ ਸਮੇ ਂਹੀ ਨਿਰਧਾਰਤ ਹੋ ਜਾਂਦਾ ਹੈ। ਤੁਸੀਂ ਕਿਸ ਜਾਤੀ ਵਿਚ ਜਨਮ ਲਿਆ ਹੈ, ਬ੍ਰਾਹਮਣ, ਜੱਟ, ਖੱਤਰੀ, ਲੁਬਾਣਾ, ਰਾਜਪੂਤ ਅਤੇ ਸੈਣੀ ਆਦਿ। ਫਿਰ ਤੁਸੀਂ ਜਾਤੀ ਨਹੀਂ ਬਦਲ ਸਕਦੇ। ਫਿਰ ਜਾਤੀ ਨਾਲ ਕਿੱਤਾ ਵੀ ਜੁੜਿਆ ਹੋਇਆ ਹੈ ਕਿ ਜੱਟ ਦੇ ਪੁੱਤਰ ਨੇ ਖੇਤੀ ਹੀ ਕਰਨੀ ਹੈ। ਬ੍ਰਾਹਮਣ ਦਾ ਬੱਚਾ ਪੁਜਾਰੀ ਹੀ ਹੋਵੇਗਾ। ਬੇਸ਼ਕ ਕਿੱਤੇ ਸੰਬੰਧੀ ਰੁਝਾਨ ਕਾਫ਼ੀ ਬਦਲ ਗਿਆ ਹੈ ਜਾਂ ਬਦਲ ਰਿਹਾ ਹੈ ਪਰ ਅਜੇ ਵੀ ਕਈ ਥਾਈ ਇਹ ਪ੍ਰਬੰਧ ਚਲਦਾ ਆ ਰਿਹਾ ਹੈ। ਇਸ ਪ੍ਰਬੰਧ ਦੇ ਆਰੰਭਕ ਨਿਰਮਾਤਾ ਭਾਰਤ ਵਿਚ ਤਾਂ ਮਨੂੰ ਮੰਨੇ ਜਾਦੇ ਹਨ ਜਿਨ੍ਹਾਂ ਨੇ ਸਮਾਜ ਨੂੰ ਚਾਰ ਭਾਗਾਂ ਵਿਚ ਵੰਡਿਆ। ਸਰਵ ਸ੍ਰੇਸ਼ਠ ਸ੍ਰੇਣੀ ਬ੍ਰਾਹਮਣਾ ਦੀ ਜਿਨ੍ਹਾਂ ਦਾ ਕੰਮ ਪੜ੍ਹਨਾ ਪੜ੍ਹਾਉਣਾ ਤੇ ਧਾਰਮਿਕ ਰਸਮਾਂ ਪੂਰੀਆਂ ਕਰਨੀਆਂ। ਦੂਜੇ ਦਰਜੇ ਦੀ ਸ਼੍ਰੇਣੀ ਕਸ਼ਤਰੀਆਂ ਦੀ ਜਿੱਨ੍ਹਾਂ ਦਾ ਕੰਮ ਦੇਸ਼ ਦੀ ਅੰਦਰਲੇ ਅਤੇ ਬਾਹਰਲੇ ਦੁਸ਼ਮਣਾਂ ਤੋਂ ਰਾਖੀ ਕਰਨਾ। ਤੀਜੀ ਸ਼੍ਰੇਣੀ ਵਿਚ ਵੈਸ਼ਵ ਆਉਂਦੇ ਹਨ ਜਿਨ੍ਹਾਂ ਦੇ ਜ਼ਿੰਮੇ ਵਿਉਪਾਰ ਤੇ ਖੇਤੀਬਾੜੀ ਆਦਿ ਕੰਮ ਲੱਗੇ ਹੋਏ ਸਨ। ਸਭ ਤੋਂ ਥੱਲੜੀ ਜਮਾਤ ਸੂਦਰਾਂ ਦੀ ਜਿਨ੍ਹਾਂ ਦਾ ਕੰਮ ਉਪਰਲੇ ਤਿੰਨਾਂ ਵਰਣਾਂ ਦੀ ਸੇਵਾ ਕਰਨੀ ਹੁੰਦਾ ਸੀ। ਉਸ ਜਾਤੀ ਦੇ ਮੈਂਬਰਾਂ ਦਾ ਰੁੱਤਬਾ ਅਤੇ ਭੂਮਿਕਾ ਨਿਰਧਾਰਤ ਹੁੰਦੀ ਹੈ। ਇਸ ਪ੍ਰਬੰਧ ਵਿਚ ਸਮਾਜਕ ਗਤੀਸ਼ੀਲਤਾ ਬਹੁਤ ਘੱਟ ਹੁੰਦੀ ਹੈ। ਕੋਈ ਬੰਦਾ ਆਪਣੀ ਜਾਤੀ ਛੱਡ ਕੇ ਦੂਜੀ ਜਾਤੀ ਵਿਚ ਨਹੀਂ ਜਾ ਸਕਦਾ। ਕੋਈ ਬੰਦਾ ਜਾਤੀ ਸਮੂਹ ਦੇ ਕਾਨੂੰਨਾਂ ਦੀ ਉਲੰਘਣਾ ਨਹੀਂ ਕਰ ਸਕਦਾ। ਗਲਤੀ ਲਈ ਜ਼ਿੰਮੇ ਵਾਰ ਆਦਮੀ ਨੂੰ ਜਾਤੀ ਪੰਚਾਇਤ ਵੱਲੋਂ ਬਣਦੀ ਸਜ਼ਾ ਦਿੱਤੀ ਜਾਂਦੀ ਹੈ। ਬੇਸ਼ਕ ਉਹ ਆਪਣਾ ਕਿੱਤਾ ਤਾ ਬਦਲ ਸਕਦਾ ਹੈ ਪਰ ਆਪਣੀ ਜਾਤੀ ਨਹੀਂ।

ਇਸੇ ਤਰ੍ਹਾਂ ਅਮਰੀਕਨ ਸਮਾਜ ਵਿਚ ਇਹ ਸਤਰੀਕਰਣ ਨਸਲੀ ਆਧਾਰ ਤੇ ਪਾਇਆ ਜਾਂਦਾ ਹੈ। ਅਮਰੀਕਨ ਲੋਕ ਬ੍ਰਾਹਮਣਾਂ ਵਾਂਗ ਆਪਣੇ ਆਪ ਨੂੰ ਸਭ ਤੋਂ ਸ਼੍ਰੇਸ਼ਟ ਸਮਝਦੇ ਹਨ। ਅਮਰੀਕਰਨ ਸਮਾਜ ਵਿਚ ਤਾਂ ਬਹੁਤ ਕਿਸਮ ਦੇ ਸਮਾਜ ਹਨ। ਵੱਖ-ਵੱਖ ਦੇਸ਼ਾਂ ਤੋਂ ਵੱਖ-ਵੱਖ ਧਰਮਾਂ, ਜਾਤਾਂ ਅਤੇ ਨਸਲਾਂ ਦੇ ਲੋਕ ਇਥੇ ਆ ਕੇ ਵੱਸੇ ਹੋਏ ਹਨ। ਪਹਿਲਾਂ ਤਾਂ ਉਹ ਕਾਲਿਆਂ ਨੂੰ ਸਭ ਤੋਂ ਘਟੀਆਂ ਮੰਨਦੇ ਹਨ। ਕਾਲਿਆਂ ਦੇ ਬੱਚੇ ਅਮਰੀਕਨ ਬੱਚਿਆਂ ਦੇ ਸਕੂਲਾਂ ਵਿਚ ਨਹੀਂ ਪੜ੍ਹ ਸਕਦੇ। ਫਿਰ ਨੌਕਰੀਆਂ ਤੇ ਹੋਰ ਅਦਾਰਿਆਂ ਵਿਚ ਉਹਨਾਂ ਨਾਲ ਦੁਰਵਿਵਹਾਰ ਕੀਤਾ ਜਾਂਦਾ ਹੈ। ਚੰਗੀਆਂ ਪੋਸਟਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ। ਜਦੋਂ ਕਿ ਅਮਰੀਕਨ ਸਮਾਜ ਦੀ ਤਰੱਕੀ ਤੇ ਵਿਕਾਸ ਵਿਚ ਕਾਲਿਆਂ ਦੀ ਬਹੁਤੀ ਵੱਡੀ ਭੂਮਿਕਾ ਹੈ। ਅਮਰੀਕਨ ਸਮਾਜ ਵਿਚ ਪੀਲੀ ਨਸਲ ਦੇ ਲੋਕ ਦੂਜੀ ਕਤਾਰਾਂ ਵਿਚ ਆਉਂਦੇ ਹਨ, ਜਿਨ੍ਹਾਂ ਨੂੰ ਕਾਲਿਆਂ ਤੋਂ ਚੰਗਾ ਅਮਰੀਕਨਾਂ ਤੋਂ ਭੈੜਾ ਸਮਝਿਆ ਜਾਂਦਾ ਹੈ।

ਸੋ ਉਪਰੋਕਤ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਬੰਦ ਸਤਰੀਕਰਣ ਵਿਵਸਥਾ ਬਹੁਤ ਕਠੋਰ ਤੇ ਸਖਤ ਹੈ ਜਿਸ ਵਿਚ ਆਦਮੀ ਦੀ ਤਰੱਕੀ ਦੇ ਰਾਹ ਬਹੁਤ ਜ਼ਿਆਦਾ ਖੁੱਲ੍ਹੇ ਨਹੀਂ ਹੁੰਦੇ। ਜਿਸ ਵਿਚ ਆਦਮੀ ਜਨਮ ਲੈਂਦਾ ਹੈ ਉਸੇ ਵਿਵਸਥਾ ਵਿਚ ਹੀ ਉਸ ਨੂੰ ਆਪਣਾ ਦਮ ਤੋੜਨਾ ਪੈਂਦਾ ਹੈ।

### 1.6.2 ਖੁੱਲ੍ਹਾ ਸਤਰੀਕਰਣ (Open Stratification System)

ਖੁੱਲ੍ਹੇ ਸਤਰੀਕਰਣ ਵਿਚ ਆਦਮੀ ਦਾ ਸਮਾਜ ਵਿਚ ਸਥਾਨ ਉਸ ਦੇ ਜਨਮ-ਜਾਤ ਉਪਰ ਆਧਾਰਿਤ ਨਹੀਂ ਹੁੰਦਾ ਸਗੋਂ ਉਸ ਦੀ ਯੋਗਤਾ ਤੇ ਆਧਾਰਤ ਹੁੰਦਾ ਹੈ। ਉਹ ਆਪਣੀ ਯੋਗਤਾ ਅਤੇ ਲਿਆਕਤ ਅਨੁਸਾਰ

ਸਮਾਜ ਵਿਚ ਕਿਸੇ ਵੀ ਅਹੁਦੇ ਉਪਰ ਪਹੁੰਚ ਸਕਦਾ ਹੈ। ਉਹ ਆਪਣੀਆਂ ਮੂਰਖ ਹਰਕਤਾਂ ਅਤੇ ਗਲਤ ਨੀਤੀਆਂ ਕਰਕੇ ਰਾਜਾ ਤੋਂ ਰੰਕ ਵੀ ਬਣ ਸਕਦਾ ਹੈ। ਭਾਵ ਇਸ ਵਿਵਸਥਾ ਵਿਚ ਜਾਤਾਂ ਨਹੀਂ, ਜਮਾਤਾਂ ਹੁੰਦੀਆਂ ਹਨ। ਜਮਾਤਾਂ ਵੀ ਦੋ ਕਿਸਮ ਦੀਆਂ ਇਕ ਅਮੀਰ ਤੇ ਦੂਜੀ ਗਰੀਬ। ਇਸ ਜਮਾਤੀ ਪ੍ਰਕ੍ਰਿਆ ਵਿਚ ਇਕ ਮੱਧ-ਵਰਗ ਜਮਾਤਾਂ ਵੀ ਆਉਂਦੀਆਂ ਹਨ ਜੋ ਉਪਰਲੀ ਜਮਾਤ ਵਿਚ ਰੱਲਣ ਲਈ ਤਰਲੋ-ਮੱਛੀ ਹੁੰਦੀ ਰਹਿੰਦੀ ਹੈ ਪਰ ਜਾ ਤਾ ਉਹ ਉਪਰ ਚਲੀ ਜਾਂਦੀ ਹੈ ਜਾਂ ਹੌਲੀ ਹੌਲੀ ਹੇਠਲੀ ਜਮਾਤ ਵਿਚ ਰੱਲ ਜਾਂਦੀ ਹੈ। ਮਹਾਨ ਚਿੰਤਕ ਕਾਰਲ ਮਾਰਕਸ ਨੇ ਇਨ੍ਹਾਂ ਜਮਾਤਾਂ ਨੂੰ ਬੁਰਜੁਆਜੀ (ਅਮੀਰ) ਅਤੇ ਪਰੋਲੋਤਾਰੀਆਤ (ਗਰੀਬ) ਕਿਹਾ। ਬੁਰਜੂਆ ਉਹ ਜਮਾਤ ਹੁੰਦੀ ਹੈ ਜਿਨ੍ਹਾਂ ਦਾ ਉਤਪਾਦਨ ਦੇ ਸਾਧਨ ਉਪਰ ਕਬਜ਼ਾ ਹੁੰਦਾ ਹੈ ਜੋ ਜਾਇਦਾਦ ਦੇ ਮਾਲਕ ਹੁੰਦੇ ਹਨ। ਦੂਜੇ ਪਾਸੇ ਪਰੋਲੋਤਾਰੀਅਤ ਜਿਨ੍ਹਾਂ ਦਾ ਉਤਪਾਦਨ ਦੇ ਸਾਧਨਾਂ ਉਪਰ ਕੋਈ ਹੱਕ ਨਹੀਂ ਹੁੰਦਾ। ਉਹ ਇਕ ਵਸਤੂ ਵਾਂਗ ਮੰਡੀ ਵਿਚ ਵਿਕਣ ਲਈ ਆਉਂਦੇ ਹਨ ਅਤੇ ਸਰਮਾਏਦਾਰ ਜਮਾਤ ਆਪਣੀਆਂ ਲੋੜਾਂ ਮੁਤਾਬਕ ਉਨ੍ਹਾਂ ਨੂੰ ਖਰੀਦਦੀ ਹੈ। ਉਹ ਆਪਣੀ ਮਜ਼ਦੂਰੀ ਵੇਚ ਕੇ ਗੁਜ਼ਾਰਾ ਕਰਦੇ ਹਨ। ਉਹ ਜੋ ਸੂਈ ਤੋਂ ਲੈ ਕੇ ਜਹਾਜ਼ ਤੱਕ ਬਣਾਉਂਦੇ ਹਨ ਪਰ ਆਪ ਨਹੀਂ ਵਰਤਦੇ। ਉਹ ਜੋ ਮਹਿਲ ਬਣਾਉਂਦੇ ਹਨ ਪਰ ਆਪ ਸੜਕਾਂ ਤੇ ਬਿਨਾਂ ਛੱਤੇ ਸੌਂਦੇ ਹਨ। ਉਹ ਜਿਨ੍ਹਾਂ ਦੀ ਲੁੱਟ ਸਰਮਾਏ ਦਾਰ ਹਰ ਤਰੀਕੇ ਰਾਹੀਂ ਕਰਦਾ ਹੈ। ਇਸ ਵਿਵਸਥਾ ਵਿਚ ਸਮਾਜਕ ਗਤੀਸ਼ੀਲਤਾ ਬਹੁਤ ਲਚਕੀਲੀ ਹੁੰਦੀ ਹੈ। ਅਜਿਹੇ ਸਮਾਜ ਪੱਛਮੀ ਦੇਸ਼ਾਂ ਵਿਚ ਆਮ ਮਿਲਦੇ ਹਨ। ਕਾਰਲ ਮਾਰਕਸ ਦਾ ਕੇਵਲ ਅਰਥ ਕਾਰਕਾਂ ਨੂੰ ਹੀ ਸਮਾਜਕ ਸਤਰੀਕਰਣ ਦਾ ਆਧਾਰ ਮੰਨਦਾ ਹੈ। ਮਜ਼ਦੂਰ ਜਮਾਤ ਦੀ ਵੱਧ ਰਹੀ ਲੁੱਟ ਦਾ ਸਿੱਟਾ ਹੀ ਜਮਾਤੀ ਸੰਘਰਸ਼ ਨੂੰ ਜਨਮ ਦਿੰਦਾ ਹੈ। ਮਾਰਕਸ ਅਨੁਸਾਰ ਜਦੋਂ ਦੀ ਸ੍ਰਿਸ਼ਟੀ ਦੀ ਰਚਨਾ ਹੋਈ ਹੈ ਉਸ ਸਮੇਂ ਤੋਂ ਹੀ ਨਿੱਜੀ ਜਾਇਦਾਦ ਦੀ ਭੁੱਖ ਕਾਰਨ ਦਾਸ ਅਤੇ ਮਾਸਟਰਾਂ ਵਿਚ ਵਰਗ ਸੰਘਰਸ਼ ਰਿਹਾ। ਜਗੀਰਦਾਰੀ ਪ੍ਰਬੰਧ ਵਿਚ ਇਹ ਲੜਾਈ ਮੁਜਾਰੇ ਅਤੇ ਜ਼ਿੰਮੀਦਾਰ ਵਿਚ ਰਹੀ। ਅੱਜ ਸਰਮਾਏਦਾਰੀ ਪ੍ਰਬੰਧ ਵਿਚ ਇਹ ਲੜਾਈ ਬੁਰਜੁਆਜੀ ਅਤੇ ਪਰੋਲੋਤਾਰੀਅਤ ਜਮਾਤਾਂ ਵਿਚ ਜਾਰੀ ਹੈ। ਇਸ ਲੜਾਈ ਦੀ ਤੀਖਣਤਾ ਨੇ ਹੀ ਚੀਨ, ਰੂਸ ਤੇ ਹੋਰ ਅਨੇਕਾਂ ਮੁਲਕਾਂ ਵਿਚ ਇਨਕਲਾਬ ਲਿਆਂਦੇ ਅਤੇ ਉਥੇ ਸਮਾਜਵਾਦੀ ਪ੍ਰਬੰਧ ਸਥਾਪਤ ਹੋਏ। ਜਦੋਂ ਕਿ ਅੱਜ ਉਹ ਸਮਾਜਵਾਦੀ ਪ੍ਰਬੰਧ ਵੀ ਢਹਿ ਢੇਰੀ ਹੋ ਕੇ ਰਹਿ ਗਏ ਹਨ। ਪਰ ਦੁਨੀਆਂ ਵਿਚ ਵਰਗ ਸੰਘਰਸ਼ ਅਜੇ ਵੀ ਜਾਰੀ ਹੈ। ਇਸ ਪ੍ਰਬੰਧ ਵਿਚ ਖੁਲ੍ਹਾ-ਮੁਕਾਬਲਾ ਹੁੰਦਾ ਹੈ ਜਿਸ ਦੇ ਸਿੱਟੇ ਵਜੋਂ ਵੱਡੇ ਉਦਯੋਗਪਤੀ ਜਾਂ ਵਿਉਪਾਰੀ, ਛੋਟੇ ਉਦਯੋਗਪਤੀਆਂ ਅਤੇ ਵਿਉਪਾਰੀਆਂ ਨੂੰ ਮੁਕਾਬਲੇ ਵਿਚੋਂ ਅਲੱਗ-ਅਲੱਗ ਕਰ ਦਿੰਦੇ ਹਨ ਅਤੇ ਉਨ੍ਹਾਂ ਦਾ ਸਰਮਾਇਆ ਦਿਨ ਰਾਤ ਵੱਧਦਾ ਰਹਿੰਦਾ ਹੈ। ਉਹ ਛੋਟੇ ਵਿਉਪਾਰੀਆਂ ਨੂੰ ਖਾਈ ਜਾਂਦੇ ਹਨ। ਕਿਉਂਕਿ ਜਿੰਨਾ ਵੱਡਾ ਬਿਜਨਸ ਹੋਵੇਗਾ ਉਨੀ ਹੀ ਉਸ ਦੀ ਉਤਪਾਦਨ ਲਾਗਤ ਘੱਟਦੀ ਜਾਂਦੀ ਹੈ। ਉਹ ਘੱਟ ਰੇਟ ਤੇ ਵੀ ਆਪਣੀ ਚੀਜ਼ ਵੇਚ ਕੇ ਨਫ਼ਾ ਕਮਾ ਜਾਂਦਾ ਹੈ ਜਦੋਂ ਕਿ ਛੋਟਾ ਵਿਉਪਾਰੀ ਇਹ ਸਹਿਣ ਨਹੀਂ ਕਰ ਸਕਦਾ। ਇਸ ਲਈ ਇਸ ਵਿਵਸਥਾ ਵਿਚ ਬਹੁਤ ਜਲਦੀ ਸਮਾਜਕ ਪਰਿਵਰਤਨ ਹੁੰਦੇ ਰਹਿੰਦੇ ਹਨ।

ਆਪਣਾ ਗਿਆਨ ਪਰਖੋ:

(ੳ) ਸਮਾਜਿਕ ਸਤਰੀਕਰਣ ਨੂੰ ਬਿਆਨ ਕਰੋ।

..........................................................................................................

..........................................................................................................

(ਅ) ਲਿੰਗ ਤੇ ਆਧਾਰਿਤ ਸਤਰੀਕਰਣ ਤੋਂ ਕੀ ਭਾਵ ਹੈ?

..........................................................................................................

..........................................................................................................

(ੲ) ਬੰਦ ਸਤਰੀਕਰਣ ਤੋਂ ਤੁਸੀਂ ਕੀ ਸਮਝਦੇ ਹੋ?

..............................................................................................................

..............................................................................................................

(ਸ) ਆਰਥਿਕ ਆਧਾਰ ਤੇ ਸਮਾਜ ਦੀ ਵੰਡ ਕਿਵੇਂ ਕੀਤੀ ਜਾ ਸਕਦੀ ਹੈ?

..............................................................................................................

..............................................................................................................

## 1.7 ਸਾਰ

ਉਪਰੋਕਤ ਚਰਚਾ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਸਤਰੀਕਰਣ ਇਕ ਸਰਵ-ਵਿਆਪਕ ਪਰਪੰਚ ਹੈ। ਕਿਸੇ ਵੀ ਸਮਾਜ ਦੀ ਤੁਲਨਾ ਇਕ ਪੌੜੀ ਨਾਲ ਕੀਤੀ ਜਾ ਸਕਦੀ ਹੈ। ਜਿਸ ਦੇ ਵੱਖੋਂ-ਵੱਖ ਟੰਬਿਆਂ ਤੇ ਵੱਖੋ-ਵੱਖ ਵਰਗਾਂ ਦੇ ਲੋਕ ਹੁੰਦੇ ਹਨ ਜਿਹੜੇ ਜਨਮ ਤੇ ਆਧਾਰਿਤ ਹਾਲਤਾਂ ਜਾਂ ਅਰਜਿਤ ਕੀਤੀਆਂ ਹਾਲਤਾਂ ਦੇ ਆਧਾਰ ਤੇ ਇਕ ਦੂਸਰੇ ਤੋਂ ਵੱਖਰੇ ਹੁੰਦੇ ਹਨ। ਜਨਮ ਤੇ ਆਧਾਰਿਤ ਸਮਾਜਿਕ ਵੰਡ ਲਿੰਗ ਦੇ ਆਧਾਰ ਤੇ ਵੀ ਹੋ ਸਕਦੀ ਹੈ ਜਾਂ ਉਮਰ, ਜਾਤ ਅਤੇ ਨਸਲ ਤੇ ਆਧਾਰਿਤ ਵੀ। ਅਰਜਿਤ ਹਾਲਤਾਂ ਅਨੁਸਾਰ ਸਮਾਜਿਕ ਵੰਡ ਆਰਥਿਕਤਾ, ਕਿੱਤੇ, ਸਿੱਖਿਆ ਜਾਂ ਰਾਜਨੀਤਿਕ ਸੱਤਾ ਤੇ ਆਧਾਰਿਤ ਹੋ ਸਕਦੀ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਸੰਸਾਰ ਦਾ ਕੋਈ ਵੀ ਸਮਾਜ ਵਰਗ ਰਹਿਤ ਨਹੀਂ ਹੈ। ਹਰੇਕ ਸਮਾਜ ਵਿਚ ਪ੍ਰਤਿਸ਼ਠਾ, ਸ਼ਕਤੀ, ਆਰਥਿਕਤਾ ਜਾਂ ਅਧਿਕਾਰਾਂ ਦੇ ਆਧਾਰ ਤੇ ਪਰਤਾ ਜਾਂ ਤੱਰ ਬਣੇ ਹੋਏ ਹਨ। ਇਹ ਪ੍ਰਕ੍ਰਿਆ ਦਿਨੋ ਦਿਨ ਜਟਿਲ ਹੁੰਦੀ ਜਾ ਰਹੀ ਹੈ। ਸਮਾਜ ਵਿਚ ਦੋ ਤਰ੍ਹਾਂ ਦਾ ਸਤਰੀਕਰਣ ਪਾਇਆ ਜਾਂਦਾ ਹੈ। ਖੁੱਲਾ ਅਤੇ ਬੰਦ। ਖੁੱਲਾ ਸਤਰੀਕਰਣ ਜਮਾਤਾਂ ਭਾਵ ਵਰਗਾਂ ਉਪਰ ਆਧਾਰਿਤ ਹੈ ਜਿਸ ਵਿਚ ਮੁੱਖ ਦੋ ਜਮਾਤਾਂ ਅਮੀਰ ਤੇ ਗਰੀਬ ਹੀ ਹੁੰਦੀਆਂ ਹਨ। ਇਸ ਕਿਸਮ ਦੇ ਸਤਰੀਕਰਣ ਵਿਚ ਸਮਾਜਕ ਗਤੀਸ਼ੀਲਤਾ ਬਹੁਤ ਜ਼ਿਆਦਾ ਹੁੰਦੀ ਹੈ। ਇਸ ਦੇ ਉਲਟ ਬੰਦ ਸਤਰੀਕਰਣ ਵਿਚ ਸਮਾਜਕ ਰੁੱਤਬੇ ਦਾ ਆਧਾਰ ਜਨਮ ਹੁੰਦਾ ਹੈ। ਜਿਸ ਜਾਤ, ਨਸਲ ਜਾਂ ਲਿੰਗ ਵਿਚ ਵਿਅਕਤੀ ਜਨਮ ਲੈਂਦਾ ਹੈ ਸਾਰੀ ਉਮਰ ਉਸ ਨੂੰ ਬਦਲ ਨਹੀਂ ਸਕਦਾ। ਇਸ ਲਈ ਇਸ ਤਰ੍ਹਾਂ ਦੇ ਸਤਰੀਕਰਣ ਵਿਚ ਸਮਾਜਕ ਗਤੀਸ਼ੀਲਤਾ ਨਾਂ ਦੇ ਬਰਾਬਰ ਹੀ ਹੁੰਦੀ ਹੈ।

## 1.8 ਮੁੱਖ ਸ਼ਬਦ

**ਸਤਰੀਕਰਣ :** ਸਮਾਜ ਨੂੰ ਕੁਝ ਸਥਾਈ ਸ਼੍ਰੇਣੀਆਂ ਅਤੇ ਸਮੂੰਹਾਂ ਵਿਚ ਵੰਡਣ ਦੀ ਵਿਵਸਥਾ ਜਿਹੜੇ ਆਪਸ ਵਿਚ ਉੱਚੇ ਤੇ ਨੀਵੇਂ ਸੰਬੰਧਾਂ ਦੇ ਆਧਾਰ ਤੇ ਇਕ ਦੂਜੇ ਨਾਲ ਜੁੜੇ ਹੁੰਦੇ ਹਨ।

**ਨਸਲ :** ਦੁਨੀਆਂ ਦੇ ਲੋਕ ਰੰਗ, ਨੈਣ, ਨਕਸ਼, ਕੱਦ-ਕਾਠ, ਵਾਲਾਂ ਦੀ ਬਨਾਵਟ ਆਦਿ ਵਿਸ਼ੇਸ਼ਤਾਈਆਂ ਕਰਕੇ ਇਕ ਦੂਜੇ ਤੋਂ ਭਿੰਨ ਹਨ। ਇਕੋ ਜਿਹੀਆਂ ਵਿਸ਼ੇਸ਼ਤਾਈਆਂ ਵਾਲੇ ਲੋਕਾਂ ਨੂੰ ਇਕ ਸਮੂਹ ਵਿਚ ਪਾਇਆ ਜਾਂਦਾ ਹੈ। ਜਿਸ ਨੂੰ ਨਸਲ ਕਿਹਾ ਜਾਂਦਾ ਹੈ। ਤਿੰਨ ਕਿਸਮ ਦੀਆਂ ਮੁੱਖ ਨਸਲਾਂ ਦੁਨੀਆਂ ਵਿਚ ਪਾਈਆਂ ਜਾਂਦੀਆਂ ਹਨ। (ੳ) ਮੋਂਗੋਲੋਆਇਡ (ਅ) ਕੋਕੇਸੌਆਇਡ (ੲ) ਨੀਗਰੋਆਇਡ।

# ਸਮਾਜਿਕ ਵਖਰੇਵਾਂ ਜਾਂ ਵਿਭੇਦੀਕਰਣ
# (Social Differentiation)

**ਬਣਤਰ**


2.0 ਉਦੇਸ਼

2.1 ਜਾਣ ਪਛਾਣ

2.2 ਪਰਿਭਾਸ਼ਾਵਾਂ

2.3 ਸਮਾਜਿਕ ਵਖਰੇਵੇਂ ਦੇ ਮਾਪਦੰਡ

- 2.3.1 ਅਧਿਕਾਰ ਜਾਂ ਮਾਲਕੀ
- 2.3.2 ਗੁਣ
- 2.3.3 ਪ੍ਰਦਰਸ਼ਨ

2.4 ਵਖਰੇਵਾਂ ਦੇ ਆਧਾਰ

- 2.4.1 ਜੀਵ ਵਿਗਿਆਨਕ ਆਧਾਰ
  - 2.4.1.1 ਜਨਮ ਦੇ ਆਧਾਰ ਤੇ ਵਖਰੇਵਾਂ
  - 2.4.1.2 ਉਮਰ ਦੇ ਆਧਾਰ ਤੇ ਵਖਰੇਵਾਂ
  - 2.4.1.3 ਨਸਲ ਦੇ ਆਧਾਰ ਤੇ ਵਖਰੇਵਾਂ
  - 2.4.1.4 ਲਿੰਗ ਦੇ ਆਧਾਰ ਤੇ ਵਖਰੇਵਾਂ
- 2.4.2 ਸਮਾਜਿਕ-ਸੰਸਕ੍ਰਿਤਕ ਆਧਾਰ
  - 2.4.2.1 ਕਿੱਤਾ ਸਥਿਤੀ
  - 2.4.2.2 ਰਾਜਨੀਤਕ ਆਧਾਰ
  - 2.4.2.3 ਧਾਰਮਿਕ ਆਧਾਰ
  - 2.4.2.4 ਅਕਾਦਮਿਕ ਆਧਾਰ

2.5 ਵਖਰੇਵਾਂ ਅਤੇ ਸਤਰੀਕਰਣ ਵਿਚ ਅੰਤਰ

- 2.5.1 ਸਮਾਜਿਕ ਵਖਰੇਵਾਂ ਪ੍ਰਾਕ੍ਰਿਤਕ ਜਾਂ ਆਪਮੁਹਾਰੀ ਪ੍ਰਕ੍ਰਿਆ ਹੈ
- 2.5.2 ਸਮਾਜਿਕ ਵਖਰੇਵਾਂ ਸਮਸਤਰੀ ਵੰਡ ਹੈ
- 2.5.3 ਸਮਾਜਿਕ ਵਿਭੇਦੀਕਰਨ ਸਤਰੀਕਰਨ ਦੀ ਤੁਲਨਾ ਵਿੱਚ ਸਰਲ ਹੈ
- 2.5.4 ਵਖਰੇਵਾਂ ਦੀ ਪ੍ਰਕ੍ਰਿਆ ਸਤਰੀਕਰਨ ਤੋਂ ਪੁਰਾਣੀ ਹੈ

2.6 ਸਾਰ

2.7 ਅਭਿਆਸ ਲਈ ਪ੍ਰਸ਼ਨ

2.8 ਉਪਯੋਗੀ ਪੁਸਤਕਾਂ

**2.0 ਉਦੇਸ਼ :**

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਯੋਗ ਹੋਵੋਗੇ ਕਿ :

* ਵਖਰੇਵਾਂ ਜਾਂ ਵਿਭੇਦੀਕਰਣ ਨੂੰ ਬਿਆਨ ਕਰ ਸਕੋ।
* ਵਖਰੇਵਾਂ ਦੇ ਆਧਾਰਾਂ ਤੇ ਰੌਸ਼ਨੀ ਪਾ ਸਕੋ।
* ਵਖਰੇਵਾਂ ਤੇ ਸਤਰੀਕਰਣ ਵਿਚ ਅੰਤਰ ਸਮਝਾ ਸਕੋ।

**2.1 ਜਾਣ-ਪਛਾਣ :**

ਸਮਾਜਿਕ ਵਖਰੇਵਾਂ ਤੋਂ ਭਾਵ ਸਮਾਜ ਵਿੱਚ ਵਿਭਿੰਨ ਸਮੂਹਾਂ ਦਾ ਹੋਣਾ ਹੈ। ਆਦਿਮ ਸਮਾਜ ਤੋਂ ਲੈ ਕੇ ਆਧੁਨਿਕ ਸਮਾਜ ਤੱਕ ਸਮੁਚਾ ਸਮਾਜ ਭਿੰਨਤਾਵਾਂ ਦੇ ਆਧਾਰ ਤੇ ਹੀ ਭਿੰਨ ਭਿੰਨ ਸਮੂਹਾਂ ਵਿੱਚ ਵੰਡਿਆ ਹੋਇਆ ਸੀ। ਸਮਾਜ ਦੀ ਵੰਡ ਤੋਂ ਭਾਵ ਇਹ ਨਹੀਂ ਕਿ ਇਹ ਸਮੂਹ ਆਤਮ ਨਿਰਭਰ ਸਨ ਹਰ ਸਮਾਜ ਨੂੰ ਆਪਣੀ ਹੋਂਦ ਕਾਇਮ ਰੱਖਣ ਲਈ ਦੂਜਿਆਂ ਤੇ ਨਿਰਭਰ ਰਹਿਣਾ ਪੈਂਦਾ ਸੀ। ਅਸਲ ਵਿੱਚ ਕੋਈ ਵੀ ਸਮਾਜ ਸਮਾਨ ਨਹੀਂ ਹੁੰਦਾ। ਕਈ ਵਾਰ ਇਹ ਭਿੰਨਤਾ ਬਹੁਤ ਜ਼ਿਆਦਾ ਹੁੰਦੀ ਹੈ ਅਤੇ ਕਈ ਵਾਰ ਇਹ ਭਿੰਨਤਾ ਨਾਮ ਮਾਤਰ ਹੀ ਹੁੰਦੀ ਹੈ। ਮਾਰਕਸ ਨੇ ਵੀ ਵਰਗਹੀਣ ਸਮਾਜ ਦੀ ਆਦਰਸ਼ ਕਲਪਨਾ ਕੀਤੀ ਸੀ। ਰੂਸ ਵਿੱਚ ਵੀ ਵਰਗ ਤੋਂ ਬਿਨਾਂ ਸਮਾਜ ਬਾਰੇ ਸੋਚਿਆ ਗਿਆ ਪਰ ਇੱਥੇ ਵੀ ਸਮਾਜ ਵਰਗ ਕੰਮ ਦੇ ਆਧਾਰ ਤੇ ਹੀ ਵੰਡੇ ਹੋਏ ਸਨ। ਸਮੇਂ ਦੇ ਅਨੁਸਾਰ ਇਹ ਭਿੰਨਤਾ ਦੇ ਆਧਾਰ ਤੇ ਢੰਗ ਬਦਲਦੇ ਗਏ। ਸੈਰੋਕਿਨ ਦੇ ਸ਼ਬਦਾਂ ਵਿੱਚ ਸਮਾਨ ਸਮਾਜ, ਜਿਸ ਵਿੱਚ ਮੈਂਬਰਾਂ ਦੀ ਸਥਿਤੀ ਸਮਾਨ ਹੋਵੇ, ਇਹ ਭਰਮ ਹੈ ਅਤੇ ਇਹ ਮਨੁੱਖੀ ਇਤਿਹਾਸ ਵਿੱਚ ਸੰਭਵ ਨਹੀਂ ਹੋ ਸਕਦਾ।

**2.2 ਪਰਿਭਾਸ਼ਾਵਾਂ :**

ਵਖਰੇਵਾਂ ਹੀ ਮਨੁੱਖੀ ਸਮਾਜ ਦਾ ਆਧਾਰ ਹੈ ਇਹ ਭਿੰਨਤਾਵਾਂ ਸਮਾਜ ਦੀ ਪ੍ਰਕ੍ਰਿਤੀ ਵਿੱਚ ਹੀ ਹਨ।

**ਹਰਬਰਟ ਸਪੈਂਸਰ ਦੇ ਅਨੁਸਾਰ** : ਇਸ ਪ੍ਰਕ੍ਰਿਆ ਨਾਲ ਸਮਾਜ ਸਰਲਤਾ ਤੋਂ ਜਟਿਲਤਾ ਅਤੇ ਸਮਰੂਪਤਾ ਤੋਂ ਭਿੰਨਤਾ ਵੱਲ ਵਿਕਸਿਤ ਹੁੰਦਾ ਹੈ।

**Acc. to Herbert Spencer :** "With the increase in differentiation Society Changes from a State of indefinite caherent heterogeneity".

**ਐਫ.ਈ. ਲੂਮਲੇ ਦੇ ਅਨੁਸਾਰ** : ਵਿਭੇਦੀਕਰਨ ਸਮਾਜ ਦੀ ਉਹ ਪ੍ਰਕ੍ਰਿਆ ਹੈ ਜਿਸਦੇ ਨਤੀਜੇ ਵਜੋਂ ਵਿਅਕਤੀਆਂ ਦੀਆਂ ਆਪਸੀ ਭਿੰਨਤਾਵਾਂ ਪ੍ਰਗਟ ਹੁੰਦੀਆਂ ਹਨ। ਇੱਕ ਆਰਕੈਸਟਰਾਂ ਦੇ ਵਿਭਿੰਨ ਵਾਦਕਾਂ ਦੇ ਸੰਯੋਗ ਨਾਲ ਜਿਸ ਤਰ੍ਹਾਂ ਇਕਸੁਰ ਇਕਾਈ ਦੀ ਰਚਨਾ ਹੁੰਦੀ ਹੈ, ਠੀਕ ਉਸੇ ਤਰ੍ਹਾਂ ਵਿਭੇਦੀਕ੍ਰਿਤ ਵਿਅਕਤੀਆਂ ਦਾ ਸੰਯੋਜ ਸਮਾਜਕ ਇਕਾਈ ਦੀ ਰਚਨਾ ਕਰਦਾ ਹੈ।

**Acc. to F.E. Lumley :** "By differentiation we mean the process by which individuals cultivate different players an orchestra make a fuller and more harmionions whole".

**ਐਮ. ਨਿਉਮੇਯਰ ਦੇ ਅਨੁਸਾਰ** : ਸਮਾਜ ਵਿਭੇਦੀਕਰਨ ਦੀ ਉਹ ਪ੍ਰਕ੍ਰਿਆ ਹੈ ਜਿਸ ਦੇ ਦੁਆਰਾ ਵਿਅਕਤੀਆਂ

*ਅਤੇ ਸਮੂਹਾਂ ਦੀ ਭਿੰਨਤਾ ਜੀਵ ਵਿਗਿਆਨਕ ਵਿਰਾਸਤ ਅਤੇ ਸ਼ਰੀਰਕ ਲਛਣਾਂ, ਉਮਰ, ਲਿੰਗ, ਨਸਲ, ਰਿਸ਼ਤੇਦਾਰੀ ਜਾਂ ਵਿਅਕਤੀਗਤ ਕੰਮਾਂ ਵਿੱਚ ਅੰਤਰ, ਸਮਾਜਕ ਪਦ, ਸੰਸਕ੍ਰਿਤਕ ਪਿਛੋਕੜ, ਵਿਅੱਕਤਿਤਵ ਦੇ ਅਰਜਿਤ ਲੱਛਣ ਅਤੇ ਸਿੱਧੀ ਜਾਂ ਸੰਪਨਤਾ ਅਤੇ ਸਮਾਜਕ ਸੰਬੰਧ ਅਤੇ ਸਮੂਹ ਸਰੰਚਨਾ ਵਿੱਚ ਭੇਦਾਂ ਦੇ ਕਾਰਨ ਸਮਾਜਿਕ ਵਿਭੰਨਤਾਵਾਂ ਪੈਦਾ ਹੁੰਦੀਆਂ ਹਨ, ਸਮਾਜਕ ਵਖਰੇਵਾਂ ਵਿਭੇਦੀਕਰਨ ਦੀ ਪ੍ਰਕ੍ਰਿਆ ਦੇ ਆਧਾਰ ਅਤੇ ਉਪਜ ਦੋਵੇਂ ਹੀ ਹਨ।''*

**Acc. to M. Naumeyer :** "Social Differentiation is the process where by social differences of persons and groups occur, due to biological, heredity and physical characteristics age sex, race, consanguineous and individual Variation and Vocation, Social Status Cultural background and acquired personality traits and accomplishments and differences in group composition and social relationship social difference are phases and production of differentiation".

***ਦੁਰਖਾਈਮ ਦੇ ਅਨੁਸਾਰ :*** *ਆਧੁਨਿਕ ਸਮਾਜ ਮਨੁੱਖੀ ਕਾਰਜਾਂ ਦੀ ਭਿੰਨਤਾ ਦੀ ਦੇਣ ਹੈ ਅਤੇ ਸਪੈਂਸਰ ਅਨੁਸਾਰ ਆਧੁਨਿਕ ਸਮਾਜ ਵਿੱਚ ਪ੍ਰਵੇਸ਼ ਕਰਨ ਦਾ ਮੁੱਖ ਕਾਰਨ ਵਿਸ਼ੇਸ਼ੀਕਰਨ ਅਤੇ ਕੰਮ ਦੀ ਵੰਡ ਹੀ ਹੈ।''*

**Emile Durkheim :** "True sanction of the division of labour is to create in two or more person a feeling of Solidarity".

***ਈਮਾਈਲ ਦੁਰਖਾਈਮ ਲਿਖਦਾ ਹੈ ਕਿ :***

*''ਕਿਰਤ ਵੰਡ ਦਾ ਅਸਲੀ ਕਾਰਜ ਦੋ ਜਾਂ ਦੋ ਤੋਂ ਜ਼ਿਆਦਾ ਵਿਅਕਤੀਆਂ ਵਿੱਚ ਏਕਤਾ ਜਾਂ ਇੱਕਸੁਰਤਾ ਦੀ ਭਾਵਨਾ ਉਤਪੰਨ ਕਰਨਾ ਹੈ। ਦੁਰਖਾਈਮ ਦੇ ਅਨੁਸਾਰ ਮਨੁੱਖੀ ਸਮਾਜ ਵਿੱਚ ਕਿਰਤ ਵੰਡ ਪ੍ਰਾਚੀਨ ਕਾਲ ਤੋਂ ਹੀ ਹੋਂਦ ਵਿੱਚ ਹੈ। ਪਹਿਲਾਂ ਕਿਰਤ-ਵੰਡ ਸਰਲ ਹੁੰਦੀ ਸੀ ਜਿਹੜੀ ਉਮਰ, ਲਿੰਗ ਭੇਦ ਤੇ ਆਧਾਰਿਤ ਸੀ। ਉਸ ਸਮੇਂ ਸਮਾਜਿਕ ਏਕਤਾ ਦੀ ਕਿਸਮ ਯਾਂਤਰਿਕ* (Mechanical) *ਸੀ ਅਤੇ ਸਮਾਜਿਕ ਏਕਤਾ ਤਾਂ ਹੀ ਸੰਭਵ ਹੁੰਦੀ ਹੈ ਜਦੋਂ ਵਿਅਕਤੀ ਦਾ ਵਿਅਕਤਿਤਵ ਸਮੂਹਿਕ ਵਿਅਕਤਿਤਵ ਵਿੱਚ ਇਕਸੁਰ ਹੋ ਜਾਂਦਾ ਹੈ। ਪਰ ਜਿਵੇਂ ਜਿਵੇਂ ਸਮਾਜ ਵਿੱਚ ਕਿਰਤ ਵੰਡ ਦਾ ਵਿਕਾਸ ਹੁੰਦਾ ਗਿਆ ਸਮਾਜ ਦੀ ਯਾਂਤਰਿਕ ਏਕਤਾ ਦਾ ਰੂਪਾਂਤਰਨ ਆਂਗਿਕ ਏਕਤਾ* (Organic Solidarity) *ਵਿੱਚ ਹੁੰਦਾ ਗਿਆ ਅਤੇ ਇਹ ਸਥਿਤੀ ਤਦ ਹੀ ਉਤਪੰਨ ਹੁੰਦੀ ਹੈ ਜਦੋਂ ਕਿਰਤ ਵੰਡ ਵਿਕਸਿਤ ਹੋ ਜਾਂਦੀ ਹੈ। ਇਸ ਤਰ੍ਹਾਂ ਭਿੰਨ ਭਿੰਨ ਚਿੰਤਕਾਂ ਅਤੇ ਵਿਚਾਰਕਾਂ ਦੇ ਵਿਚਾਰਾਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਵਿਭਿੰਨਤਾ ਤਾਂ ਆਦਿਮ ਸਮਾਜ ਤੋਂ ਹੀ ਹੈ ਪਰ ਉਸਦੇ ਆਧਾਰ ਬਦਲਦੇ ਗਏ।''*

### 2.3 ਵਖਰੇਵੇਂ ਦੇ ਮਾਪਦੰਡ (Criteria of Differentiation) :

*ਟੈਲਕਾਟ ਪਾਰਸਨਜ* (Telcott Parsons) *ਨੇ ਸਮਾਜਿਕ ਵਖਰੇਵਾਂ ਦੇ ਤਿੰਨ ਮਾਪਦੰਡ ਦੱਸੇ ਹਨ :*

#### 2.3.1 ਅਧਿਕਾਰ ਜਾਂ ਮਾਲਕੀ (Possession) :

*ਭੌਤਿਕ ਵਸਤੂਆਂ ਜਿਵੇਂ : ਪੈਸਾ, ਸੰਪਤੀ, ਜਾਇਦਾਦ ਅਤੇ ਹੋਰ ਮੁੱਲਵਾਨ ਚੀਜਾਂ ਇਹ ਵਸਤੂਆਂ ਲੋਕਾਂ ਕੋਲ ਸਮਾਨ ਰੂਪ ਵਿੱਚ ਨਹੀਂ ਹੁੰਦੀਆਂ ਇਨ੍ਹਾਂ ਚੀਜਾਂ ਦੀ ਅਸਮਾਨ ਵੰਡ ਨਾਲ ਹੀ ਸਮਾਜ ਵਿੱਚ ਅਸਮਾਨਤਾ ਹੁੰਦੀ ਹੈ।*

#### 2.3.2 ਗੁਣ (Qualities) :

*ਗੁਣਾਂ ਤੋਂ ਭਾਵ ਲੋਕਾਂ ਦੀਆਂ ਅੰਦਰੂਨੀ ਸ਼ਕਤੀਆਂ ਜਾਂ ਲੋਕਾਂ ਦੀ ਯੋਗਤਾ ਜੋ ਕਿਸੇ ਕੰਮ ਨੂੰ ਪੂਰਾ ਕਰਨ ਲਈ ਉਨ੍ਹਾਂ ਕੋਲ ਹੁੰਦੀ ਹੈ। ਇਹ ਗੁਣ ਵੀ ਸਮਾਨ ਰੂਪ ਵਿੱਚ ਨਹੀਂ ਹੁੰਦੇ। ਉਦਾਹਰਨ ਲਈ ਸ਼ਰੀਰਕ ਸ਼ਕਤੀ ਨੈਤਿਕ ਸਾਹਸ* (Moral Courage), *ਨਿਸ਼ਕਾਮਤਾ* (Selflessness), *ਬਲਿਦਾਨ* (Sacrifice) *ਅਤੇ ਹੋਰ ਗੁਣ*

ਜੋ ਸਮਾਨ ਰੂਪ ਵਿਚ ਵੰਡੇ ਨਹੀਂ ਹੁੰਦੇ। ਲੋਕ ਇਨ੍ਹਾਂ ਗੁਣਾਂ ਦੀ ਮਲਕੀਅਤ ਦੇ ਆਧਾਰ ਤੇ ਹੀ ਅਲੱਗ ਹੁੰਦੇ ਹਨ।

### 2.3.3 ਪ੍ਰਦਰਸ਼ਨ (Performance) :

ਨਿਸ਼ਚਿਤ ਸਮੇਂ ਅਤੇ ਸਮਾਨ ਸਥਿਤੀ ਵਿੱਚ ਰਹਿੰਦੇ ਹੋਏ ਇੱਕ ਕੰਮ ਨੂੰ ਕਿਵੇਂ ਕਰਨਾ ਹੈ : ਇਸ ਤੋਂ ਹੀ ਵਿਅਕਤੀ ਦੀ ਅਲੱਗ ਪਹਿਚਾਣ ਹੁੰਦੀ ਹੈ ਇਸ ਨੂੰ ਨਿਸ਼ਚਿਤ ਨਿਯਮਾਂ ਵਿੱਚ ਰਹਿ ਕੇ ਹੀ ਦੇਖਿਆ ਜਾਂਦਾ ਹੈ। ਜਦੋਂ ਨਿਯਮਾਂ ਦੀ ਉਲੰਘਣਾ ਹੁੰਦੀ ਹੈ ਤਾਂ ਅਭਿਵਿਅਕਤੀ ਦੀ ਉਨੀਂ ਮਹਤੱਤਾ ਨਹੀਂ ਰਹਿ ਜਾਂਦੀ, ਫਿਰ ਪਰਿਣਾਮ ਚੰਗੇ ਵੀ ਹੋਣ ਤਾਂ ਵੀ ਉਨ੍ਹਾਂ ਦੀ ਅਹਿਮੀਅਤ ਨਹੀਂ ਹੁੰਦੀ।

ਇਹ ਤਿੰਨੋਂ ਹੀ ਆਧਾਰ ਇਕ ਦੂਜੇ ਨਾਲ ਜੁੜੇ ਹੋਏ ਹੁੰਦੇ ਹਨ। ਭੌਤਿਕ ਵਸਤੂਆਂ ਨਾਲ ਜੋ ਸੁਰੱਖਿਆ ਮਿਲਦੀ ਹੈ, ਉਹ ਵਿਅਕਤੀ ਨੂੰ ਚੰਗਾ ਕੰਮ ਕਰਨ ਲਈ ਪ੍ਰੇਰਿਤ ਕਰਦੀ ਹੈ। ਕਈ ਵਾਰ ਇਹ ਗੁਣ ਵਿਅਕਤੀਆਂ ਨੂੰ ਉਹਨਾਂ ਦੀ ਯੋਗਤਾ ਅਤੇ ਪਰਦਰਸ਼ਨ ਨਾਲ ਸੰਪਤੀ ਜਾਂ ਜਾਇਦਾਦ ਇਕੱਠਾ ਕਰਨ ਵਿੱਚ ਸਹਾਇਕ ਹੁੰਦੇ ਹਨ।

## 2.4 ਸਮਾਜਿਕ ਵਖਰੇਵੇਂ ਦੇ ਆਧਾਰ (Basis of Social Differentiation) :

ਸਮਾਜਿਕ ਵਖਰੇਵਾਂ ਸਭ ਸਮਾਜਾਂ ਵਿੱਚ ਪਾਇਆ ਜਾਂਦਾ ਹੈ। ਇਸ ਵਖਰੇਵੇਂ ਦੇ ਆਧਾਰ ਵੀ ਭਿੰਨ ਭਿੰਨ ਹੁੰਦੇ ਹਨ। ਸਮੇਂ ਸਮੇਂ ਤੇ ਇਨ੍ਹਾਂ ਆਧਾਰਾਂ ਵਿੱਚ ਵੀ ਤਬਦੀਲੀ ਵਾਪਰਦੀ ਰਹਿੰਦੀ ਹੈ। ਇਨ੍ਹਾਂ ਆਧਾਰਾਂ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ।

2.4.1 ਜੀਵ ਵਿਗਿਆਨਕ ਆਧਾਰ (Biological Basis)

2.4.2 ਸਮਾਜਕ-ਸੰਸਕ੍ਰਿਤਕ ਆਧਾਰ (Socio-Cultural Basis)

### 2.4.1 ਜੀਵ ਵਿਗਿਆਨਕ ਆਧਾਰ :

ਇਸ ਆਧਾਰ ਤੇ ਅਸੀਂ ਵਿਅਕਤੀਆਂ ਨੂੰ ਉਹਨਾਂ ਦੇ ਜਨਮ, ਉਮਰ, ਨਸਲ ਅਤੇ ਲਿੰਗ ਦੇ ਅਨੁਸਾਰ ਇਕ ਦੂਸਰੇ ਤੋਂ ਵੱਖਰੇ ਕਰਕੇ ਵੇਖਦੇ ਹਾਂ। ਇਹ ਵਖਰੇਵਾਂ ਸਾਰੇ ਸਮਾਜਾਂ ਵਿੱਚ ਪਾਇਆ ਜਾਂਦਾ ਹੈ।

#### 2.4.1.1 ਜਨਮ (Birth) ਦੇ ਆਧਾਰ ਤੇ ਵਖਰੇਵਾਂ :

ਸਮਾਜਿਕ ਵਖਰੇਵਾਂ ਦਾ ਮੁੱਖ ਆਧਾਰ ਜਨਮ ਹੈ, ਜੋ ਵਿਅਕਤੀ ਨੂੰ ਭਿੰਨ ਸਥਿਤੀ ਪ੍ਰਦਾਨ ਕਰਦਾ ਹੈ। ਜਨਮ ਨਾਲ ਜੁੜੀ ਸਥਿਤੀ ਦਾ ਆਧਾਰ ਵਰਣ ਸਨ - ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ। ਇਸ ਪ੍ਰਕ੍ਰਿਆ ਵਿੱਚ ਅਸੀਂ ਭਿੰਨਤਾ ਦੀ ਗੱਲ ਕਰ ਰਹੇ ਹਾਂ। ਇਸ ਨਾਲ ਜੁੜੇ ਦਰਜੇਬੰਦੀ ਦੀ ਨਹੀਂ ਜੋ ਕਿ ਸਤਰੀਕਰਨ ਦਾ ਹਿੱਸਾ ਹੈ। ਹਰ ਇੱਕ ਜਾਤ ਦੀ ਆਪਣੀ ਵੱਖਰੀ ਹੀ ਸੰਸਕ੍ਰਿਤੀ ਹੁੰਦੀ ਹੈ। ਜਾਤ ਦੇ ਮੈਂਬਰ ਆਪਣੀ ਸੰਸਕ੍ਰਿਤੀ ਨੂੰ ਜਿਉਂਦਾ ਰੱਖਣ ਲਈ ਇਸ ਨੂੰ ਪੀੜੀ ਦਰ ਪੀੜੀ ਚਲਾਉਂਦੇ ਹਨ। ਹਰ ਜਾਤ ਦੇ ਖਾਣ ਪੀਣ, ਰਹਿਣ ਸਹਿਣ, ਵਿਆਹ, ਸਿੱਖਿਆ ਆਦਿ ਸਬੰਧੀ ਆਪਣੇ ਹੀ ਰੀਤੀ ਰਿਵਾਜ ਹੁੰਦੇ ਹਨ। ਜਾਤ ਵਿੱਚ ਅੰਤਰ-ਵਿਆਹ ਦਾ ਨਿਯਮ ਪਾਇਆ ਜਾਂਦਾ ਹੈ। ਇਸ ਨਿਯਮ ਦੇ ਅਨੁਸਾਰ ਵਿਅਕਤੀ ਜਿਸ ਉਪ-ਜਾਤ ਵਿਚ ਜਨਮ ਲੈਂਦਾ ਹੈ ਉਸੇ ਜਾਤ ਵਿੱਚ ਉਸਨੂੰ ਵਿਆਹ ਕਰਵਾਉਣਾ ਪੈਂਦਾ ਹੈ। ਹਰ ਜਾਤ ਦੀਆਂ ਆਪਣੀਆਂ ਵੱਖਰੀਆਂ ਵੱਖਰੀਆਂ ਧਾਰਮਿਕ ਰੀਤਾਂ ਹੁੰਦੀਆਂ ਹਨ। ਬ੍ਰਾਹਮਣਾਂ ਦੇ ਵਿੱਚ ਇਨ੍ਹਾਂ ਧਾਰਮਿਕ ਰੀਤਾਂ ਦੀ ਪਾਲਨਾ ਕਰਨੀ ਅਤਿ ਜ਼ਰੂਰੀ ਹੁੰਦੀ ਸੀ।

#### 2.4.1.2 ਉਮਰ ਦੇ ਆਧਾਰ ਤੇ ਵਖਰੇਵਾਂ (Age as basis of Differentiation) :

ਸਮਾਜਿਕ ਵਖਰੇਵਾਂ ਦਾ ਇੱਕ ਆਧਾਰ ਉਮਰ ਵੀ ਹੈ। ਉਮਰ ਦੇ ਆਧਾਰ ਤੇ ਸਮੂਹਾਂ ਦੀ ਵੰਡ ਬੱਚੇ, ਜਵਾਨ, ਪ੍ਰੋੜ ਤੇ ਬੁੱਢੇ ਲੋਕਾਂ ਵਿਚ ਕੀਤੀ ਜਾਂਦੀ ਹੈ। Harry M. Johnson ਨੇ ਆਪਣੀ ਕਿਤਾਬ ਸਮਾਜ ਵਿਗਿਆਨ (Sociology) ਵਿੱਚ ਉਮਰ ਤੇ ਆਧਾਰਿਤ ਮਨੁੱਖੀ ਜੀਵਨ ਦੀਆਂ ਵੱਖ-ਵੱਖ ਅਵਸਥਾਵਾਂ ਦਿੱਤੀਆਂ ਹਨ।

*ਬਾਲ ਅਵਸਥਾ* (Childhood Stage)

*ਕਿਸ਼ੋਰ ਅਵਸਥਾ* (Adolescent Stage)

*ਜਵਾਨ ਅਵਸਥਾ* (Adulthood Stage)

*ਬਿਰਧ ਜਾਂ ਬਜ਼ੁਰਗ ਅਵਸਥਾ* (Old Age)

*ਸਮਾਜਿਕ ਵਿਚਾਰਕਾਂ ਨੇ ਉਮਰ ਦੇ ਆਧਾਰ ਦੇ ਵੱਖ-ਵੱਖ ਪੜਾਵਾਂ ਦਾ ਵਰਨਣ ਕੀਤਾ ਹੈ। ਪਛੱਮੀ ਸਮਾਜਾਂ ਵਿੱਚ ਉਮਰ ਦੇ ਆਧਾਰ ਤੇ ਭਿੰਨਤਾ ਦਾ ਪੱਧਰ ਫਰਕ ਹੋ ਸਕਦਾ ਹੈ। ਭਾਰਤੀ ਸਮਾਜ ਵਿੱਚ ਉਮਰ ਅਤੇ ਮਾਨਸਿਕ ਵਿਕਾਸ ਦੇ ਪੱਧਰ ਨੂੰ ਜੋੜਿਆ ਜਾਂਦਾ ਹੈ ਜਿਉਂ ਜਿਉਂ ਬੱਚਾ ਵੱਡਾ ਹੁੰਦਾ ਹੈ, ਉਸਦੀ ਬੁੱਧੀ ਦਾ ਵੀ ਵਿਕਾਸ ਹੁੰਦਾ ਹੈ। ਜੋ ਕੰਮ ਜਾਂ ਜਿੰਮੇਵਾਰੀਆਂ ਜਵਾਨ ਅਵਸਥਾ ਵਿੱਚ ਸੌਂਪੀਆਂ ਜਾਂਦੀਆਂ ਹਨ, ਉਹ ਕਿਸ਼ੋਰ ਅਵਸਥਾ ਵਿੱਚ ਨਹੀਂ ਹੁੰਦੀਆਂ ਸਕੂਲ ਵਿੱਚ ਦਾਖਲੇ ਸੰਬੰਧੀ ਉਮਰ, ਬਾਲਿਗ ਹੋਣ ਤੇ ਕਾਨੂੰਨੀ ਅਧਿਕਾਰ ਮਿਲ ਜਾਣ, ਵਿਆਹ ਲਈ ਉਮਰ, ਲੜਕੀ ਅਤੇ ਲੜਕੇ ਲਈ ਫਰਕ ਹੈ; ਇਸੇ ਤਰ੍ਹਾਂ ਹੀ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਬਣਨ ਲਈ ਵੀ ਉਮਰ ਨਿਰਧਾਰਿਤ ਹੈ ਉਸ ਤੋਂ ਘੱਟ/ਵੱਧ ਨਹੀਂ ਹੋ ਸਕਦੀ।*

***ਰਾਬਰਟ ਬੀਅਰਸਟੀਡ ਦੇ ਅਨੁਸਾਰ** : ਲਿੰਗ ਭਿੰਨਤਾ ਦੀ ਤਰ੍ਹਾਂ ਉਮਰ ਵੀ ਲੋਕਾਂ ਨੂੰ ਇੱਕ ਦੂਜੇ ਨਾਲ ਜੋੜਦੀ ਹੈ ਅਤੇ ਇਕ ਰੋਕ ਜਾਂ ਆੜ ਹੈ ਜੋ ਉਨ੍ਹਾਂ ਨੂੰ ਅਲਗ ਕਰਦੀ ਹੈ।*

**Robert Bierstedt :** Like sex differentiation, age is one of the ties that bind people together as well as one of the barrier that keep them a part.

### *2.4.1.3 ਨਸਲ ਸਮਾਜਿਕ ਵਖਰੇਵਾਂ ਦਾ ਆਧਾਰ* (Race as basis of Differentiation) :

*ਸਮਾਜਿਕ ਵਖਰੇਵਾਂ ਦਾ ਆਧਾਰ ਨਸਲ ਵੀ ਰਿਹਾ ਹੈ। ਮਨੁੱਖੀ ਸਮਾਜ ਵਿਚ ਤਿੰਨ ਨਸਲਾਂ ਪਾਈਆਂ ਜਾਂਦੀਆਂ ਹਨ – ਕਾਕੇਸ਼ੀਅਨ* (Caucasian), *ਮੌਂਗੋਲਾਈਡ* (Mongoloid), *ਨੀਗਰੋਆਈਡ* (Negroid).

*ਇਨ੍ਹਾਂ ਨਸਲਾਂ ਵਿੱਚ ਰੰਗ ਤੇ ਗੁਣਾਂ ਦੇ ਆਧਾਰ ਦੇ ਭਿੰਨਤਾ ਰਹੀ ਹੈ। ਕਾਕੇਸ਼ੀਅਨ ਨੂੰ ਚਿੱਟੀ ਨਸਲ, ਮੰਗੋਲਾਈਡ ਨੂੰ ਪੀਲੀ ਨਸਲ ਅਤੇ ਨੀਗਰੋਆਈਡ ਨੂੰ ਕਾਲੀ ਨਸਲ ਕਿਹਾ ਗਿਆ ਹੈ। ਜਿਵੇਂ ਭਾਰਤ ਵਿੱਚ ਬ੍ਰਾਹਮਣ ਦੀ ਸਥਿਤੀ ਅਤੇ ਦੂਜੀਆਂ ਜਾਤਾਂ ਨਾਲ ਭਿੰਨਤਾ ਦਾ ਪੱਧਰ ਰਿਹਾ ਹੈ ਅਮਰੀਕਾ ਵਿੱਚ ਇਹ ਭਿੰਨਤਾ ਨਸਲ ਦੇ ਆਧਾਰ ਤੇ ਹੈ, ਜੋ ਸਥਿਤੀ, ਹੱਕ, ਅਧਿਕਾਰ ਚਿੱਟੀ ਨਸਲ ਨੂੰ ਹਨ ਉਹ ਕਾਲੀ ਨਸਲ ਨੂੰ ਨਹੀਂ ਹਨ। ਸਾਰਵਜਨਿਕ ਸਥਾਨਾਂ ਤੇ ਜਾਣ ਦੀ ਮਨਾਹੀ। ਸਕੂਲ ਵੀ ਨਸਲ ਦੇ ਆਧਾਰ ਤੇ ਭਿੰਨ ਹਨ। ਸਮੇਂ ਦੇ ਨਾਲ-ਨਾਲ ਇਹ ਭਿੰਨਤਾ ਨਾਲ ਜੁੜੀ ਕੱਟੜਤਾ ਘੱਟਦੀ ਜਾ ਰਹੀ ਹੈ। ਹੁਣ ਕਿਸੇ ਦੀ ਯੋਗਤਾ ਨੂੰ ਪਰਖਣ ਦਾ ਆਧਾਰ ਚਮੜੀ ਦਾ ਰੰਗ ਨਹੀਂ ਰਿਹਾ ਬਲਕਿ ਉਸਦਾ ਮਾਨਸਿਕ ਪੱਧਰ ਅਤੇ ਯੋਗਤਾ ਹੈ। ਅੱਜ ਦੇ ਸਮੇਂ ਵਿੱਚ ਜੇ ਦੇਖਿਆ ਜਾਵੇ ਤਾਂ ਬੈਰਕ ਓਬਾਮਾ ਅਮਰੀਕਾ ਦੀ ਉੱਚ ਪਦਵੀ ਤੇ ਆਪਣੇ ਗੁਣਾਂ ਕਰਕੇ ਹਨ ਅਤੇ ਨਸਲ ਨਾਲ ਜੁੜੀ ਭਿੰਨਤਾ ਹੁਣ ਪਿਛੇ ਰਹਿ ਗਈ ਹੈ।*

### *2.4.1.4 ਲਿੰਗ ਸਮਾਜਿਕ ਵਖਰੇਵਾਂ ਦਾ ਆਧਾਰ* (Sex as basis of Differentiation) :

*ਆਦਿਕਾਲ ਅਤੇ ਸਰਲ ਸਮਾਜ ਵਿੱਚ ਵਖਰੇਵਾਂ ਦਾ ਆਧਾਰ ਬਹੁਤ ਪੁਰਾਣਾ ਅਤੇ ਸਰਲ ਸੀ। ਉਸ ਸਮੇਂ ਹਰ ਸਮਾਜ ਵਿੱਚ ਜਨਮ ਦੇ ਆਧਾਰ ਤੇ ਹੀ ਇਸਤਰੀ-ਪੁਰਸ਼ ਦੇ ਕੰਮ ਵਿੱਚ ਭਿੰਨਤਾ ਰਹੀ ਹੈ। ਪਰ ਹੁਣ ਇਹ ਜਨਮ ਦੇ ਆਧਾਰ ਤੇ ਹੀ ਨਹੀਂ ਸਮਾਜਿਕ ਪੱਧਰ ਤੇ ਵੀ ਭਿੰਨਤਾ ਹੈ। ਲਿੰਗ ਦੇ ਆਧਾਰ ਤੇ ਇਸਤਰੀ ਪੁਰਸ਼ ਦੇ ਕੰਮਾਂ, ਸਥਿਤੀ, ਅਧਿਕਾਰ ਵਿੱਚ ਭਿੰਨਤਾ ਹੈ। ਇਸਤਰੀ ਦੀ ਸਥਿਤੀ ਨਾਲ ਜੁੜੇ ਕਈ ਕੰਮ ਜਿਵੇਂ ਬੱਚੇ ਪੈਦਾ ਕਰਨਾ, ਮਾਂ, ਪਤਨੀ, ਧੀ ਦੇ ਰੂਪ ਵਿੱਚ, ਖਾਣਾ ਬਨਾਉਣਾ, ਪਰਿਵਾਰ ਦੀ ਦੇਖਭਾਲ ਕਰਨਾ, ਪੁਰਸ਼ ਪ੍ਰਧਾਨ ਸਮਾਜ ਵਿੱਚ ਨੀਵੀਂ*

*ਸਥਿਤੀ ਆਦਿ ਇਹ ਸਾਰੇ ਹੀ ਮਨੁਖੀ ਸਮਾਜਾਂ ਵਿੱਚ ਵੇਖਣ ਨੂੰ ਮਿਲਦਾ ਹੈ। ਇਸ ਵਿੱਚ ਕੁਝ ਡਿਗਰੀ ਦਾ ਹੀ ਫਰਕ ਹੈ।*

*ਜੀਵਗਿਆਨਿਕ ਰੂਪ ਵਿੱਚ ਇਸਤਰੀ ਪੁਰਸ਼ਾਂ ਤੋਂ ਭਿੰਨ ਹੈ। ਮਰਡੋਕ* (Murdock) *ਦੇ ਅਨੁਸਾਰ ਇਸਤਰੀ ਪੁਰਸ਼ ਦੀ ਜੈਵਿਕ ਭਿੰਨਤਾ ਹੀ, ਲਿੰਗ ਆਧਾਰ ਤੇ ਸਮਾਜ ਵਿੱਚ ਕੰਮ ਦੀ ਵੰਡ ਹੈ। ਇਹ ਕੰਮ ਦੀ ਵੰਡ ਦੀ ਧਾਰਨਾ ਸਾਰੇ ਹੀ ਸਮਾਜਾਂ ਵਿੱਚ ਰਹੀ ਹੈ। ਪਾਰਸਨਜ* (Parsons) *ਨੇ ਇਸਤਰੀ ਦੇ ਕੰਮ ਨੂੰ ਭਾਵਪੂਰਨ* (Expressive) *ਕਿਹਾ ਹੈ ਜਿਸ ਤੋਂ ਭਾਵ ਪਿਆਰ ਸੁਰਖਿਆ ਅਤੇ ਭਾਵਾਤਮਕ ਆਸਰਾ* (Support) *ਹੈ। ਕਈ ਸਮਾਜ ਸ਼ਾਸਤਰੀਆਂ ਅਨੁਸਾਰ ਸਮਾਜ ਵਿੱਚ ਇਹ ਕੰਮ ਆਦਰਸ਼, ਨਿਯਮਾਂ, ਕੀਮਤਾਂ ਦੇ ਆਧਾਰ ਤੇ ਹੁੰਦਾ ਹੈ। ਵਿਅਕਤੀ ਇਸਤਰੀ ਪੁਰਸ਼ ਦੇ ਕੰਮਾਂ ਬਾਰੇ ਜਾਣਕਾਰੀ ਸਮਾਜ ਵਿੱਚ ਰਹਿ ਕੇ ਜਾਣਦਾ ਹੈ। ਕੁਝ ਵਿਚਾਰਕਾਂ ਨੇ ਇਨ੍ਹਾਂ ਦੇ ਭਿੰਨ ਜੀਵਨ ਢੰਗ ਨੂੰ ਦੇਖਦੇ ਹੋਏ ਇਸਨੂੰ ਪੁਰਸ਼ ਸਭਿਆਚਾਰ ਅਤੇ ਇਸਤਰੀ ਸਭਿਆਚਾਰ ਦਾ ਨਾਂ ਦਿੱਤਾ ਹੈ।*

*ਅੱਜ ਦੇ ਸਮੇਂ ਵਿੱਚ ਇਸਤਰੀ ਪੁਰਸ਼ ਦੀ ਭਿੰਨਤਾ ਤਾਂ ਆਧਾਰ ਬਦਲ ਰਿਹਾ ਹੈ। ਸ਼ਾਇਦ ਹੀ ਕੋਈ ਐਸਾ ਖੇਤਰ ਹੋਵੇ ਜਿਥੇ ਇਸਤਰੀਆਂ ਨਾ ਪਹੁੰਚੀਆਂ ਹੋਣ। ਹਰ ਖੇਤਰ ਵਿੱਚ ਇਸਤਰੀ ਪੁਰਸ਼ ਦੇ ਕੰਮ ਦੀ ਭਿੰਨਤਾ ਦਾ ਦਾਇਰਾ ਹੁਣ ਘੱਟਦਾ ਜਾ ਰਿਹਾ ਹੈ।*

### *2.4.2 ਸਮਾਜਿਕ ਵਖਰੇਵਾਂ ਦੇ ਸਮਾਜਕ-ਸੰਸਕ੍ਰਿਤਿਕ ਆਧਾਰ* (Socio-Cultural basis of Social differentiation) :

*ਸਮਾਜ ਵਿੱਚ ਭਿੰਨਤਾ ਨਿਮਨ ਲਿਖਤ ਸਮਾਜਿਕ ਅਤੇ ਸੰਸਕ੍ਰਿਤਕ ਆਧਾਰਾਂ ਤੇ ਪਾਈ ਜਾਂਦੀ ਹੈ :*

*(ੳ)* *ਆਰਥਿਕ ਆਧਾਰ* (Economic Basis)

*(ਅ)* *ਕਿੱਤਾ ਸਥਿਤੀ* (Occupational Status)

*(ੲ)* *ਰਾਜਨੀਤਕ ਆਧਾਰ* (Political Base)

*(ਸ)* *ਧਾਰਮਿਕ ਆਧਾਰ* (Religious Base)

*(ਹ)* *ਵਿਦਿਅਕ ਆਧਾਰ* (Educational Base)

***2.4.2.1 ਆਰਥਿਕ ਆਧਾਰ* (Economic Basis)** *: ਅਜੋਕੇ ਸਰਮਾਏਦਾਰੀ ਦੇ ਯੁੱਗ ਵਿੱਚ ਧੰਨ ਅਤੇ ਸੰਪਤੀ ਸਮਾਜਿਕ ਸਤਰੀਕਰਣ ਦਾ ਮੁੱਖ ਆਧਾਰ ਹੈ। ਉਹ ਲੋਕ ਜਿਨ੍ਹਾਂ ਦਾ ਧਨ ਅਤੇ ਸੰਪਤੀ ਤੇ ਅਧਿਕਾਰ ਹੈ ਉਹ ਉੱਚ ਵਰਗ ਵਿਚ ਆਉਂਦੇ ਹਨ ਅਤੇ ਜੋ ਇਸ ਤੋਂ ਵਿਹੂਣੇ ਹਨ ਉਹ ਨੀਵੇਂ ਵਰਗ ਦਾ ਹਿੱਸਾ ਹਨ। ਕਾਰਲ ਮਾਰਕਸ ਅਨੁਸਾਰ ਆਰਥਿਕ ਆਧਾਰ ਤੇ ਸਤਰੀਕਰਣ ਪ੍ਰਾਚੀਨ ਕਾਲ ਤੋਂ ਹੀ ਪਾਇਆ ਜਾਂਦਾ ਹੈ। ਕੁਝ ਉਹ ਲੋਕ ਜਿਨ੍ਹਾਂ ਦੀ ਪੈਦਾਵਾਰੀ ਢਾਂਚੇ ਤੇ ਮਲਕੀਅਤ ਹੈ ਅਤੇ ਬਾਕੀ ਉਹ ਜੋ ਸਿਰਫ ਮਜ਼ਦੂਰੀ ਕਰਦੇ ਹਨ। ਜਿਸ ਵਿਅਕਤੀ ਕੋਲ ਜਿੰਨਾ ਜਿਆਦਾ ਧਨ ਜਾਂ ਸੰਪਤੀ ਹੋਵੇਗੀ ਉਸਦਾ ਸਮਾਜਿਕ ਰੁੱਤਬਾ ਉਨ੍ਹਾਂ ਹੀ ਉੱਚਾ ਹੋਵੇਗਾ ਅਤੇ ਗਰੀਬ ਵਿਅਕਤੀ ਦੀ ਸਮਾਜਿਕ ਸਥਿਤੀ ਨਿਮਨ ਹੋਵੇਗੀ ਅਤੇ ਉਸਨੂੰ ਆਰਥਿਕ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ।*

*ਇਸ ਉੱਚ ਵਰਗ ਨੂੰ ਮਾਰਕਸ ਨੇ ਬੁਰਜੂਆ* (Bourgeoise) *ਵੈਬਲੇਨ* (Veblen) *ਨੇ ਵਿਲਾਸ ਵਰਗ* (Leisure class) *ਅਤੇ ਪਰੇਟੋ* (Pareto) *ਨੇ ਸ਼੍ਰੇਸ਼ਟ ਵਰਗ* (elites) *ਦਾ ਨਾਂ ਦਿੱਤਾ ਹੈ। ਜਿਉਂ ਜਿਉਂ ਵਿਅਕਤੀ ਕੋਲ ਧੰਨ ਸੰਪਤੀ ਵੱਧਦੀ ਜਾਂਦੀ ਹੈ ਉਸਦਾ ਸਮਾਜਿਕ ਰੁੱਤਬਾ ਵੀ ਉੱਚਾ ਹੁੰਦਾ ਜਾਂਦਾ ਹੈ ਅਤੇ ਇਸਦੇ ਉਲਟ ਜਿਉਂ ਜਿਉਂ ਉਸ ਕੋਲ ਪੈਸਾ ਘੱਟਦਾ ਜਾਂਦਾ ਹੈ ਉਹ ਨੀਵੇਂ ਵਰਗ ਵਿੱਚ ਰਲਦਾ ਜਾਂਦਾ ਹੈ।*

### 2.4.2.2 ਕਿੱਤਾ ਸਥਿਤੀ (Occupational Status) :

ਕਿੱਤੇ ਦੇ ਆਧਾਰ ਤੇ ਸਮਾਜ ਵਿੱਚ ਭਿੰਨਤਾ ਪਾਈ ਜਾਂਦੀ ਹੈ। ਆਧੁਨਿਕ ਸਮਾਜ ਵਿੱਚ ਹਰ ਕਿੱਤਾ ਦੂਜੇ ਤੋਂ ਭਿੰਨ ਹੈ; ਕੋਈ ਡਾਕਟਰ, ਕੋਈ ਅਧਿਆਪਕ, ਕਲਰਕ, ਇੰਜੀਨੀਅਰ, ਵਕੀਲ, ਅਣਗਿਣਤ ਕਿੱਤੇ ਹਨ। ਇਨ੍ਹਾਂ ਕਿੱਤਿਆਂ ਦੇ ਆਧਾਰ ਤੇ ਹਰ ਸੰਸਥਾ, ਸਮਿਤੀ ਵਿੱਚ ਵਿਅਕਤੀ ਦੀ ਸਥਿਤੀ ਭਿੰਨ ਹੈ। ਪ੍ਰੋ. ਰੌਸ (Ross) ਦੇ ਅਨੁਸਾਰ, "ਵਿਵਸਾਇਕ ਭਿੰਨਤਾ ਦੇ ਦੋ ਆਧਾਰ ਹਨ, ਪਹਿਲਾ ਸਮੂਹ ਦੇ ਜੀਵਤ ਰਹਿਣ ਲਈ ਇਸ ਕਿੱਤੇ ਦੀ ਮਹਤੱਤਾ; ਦੂਜਾ ਕਿੱਤੇ ਨੂੰ ਸਫਲ ਢੰਗ ਨਾਲ ਪੂਰਾ ਕਰਨ ਲਈ ਬੁੱਧੀ ਦੀ ਮਾਤਰਾ। ਉਹ ਹਰ ਕਿੱਤਾ ਜੋ ਸਮਾਜ ਲਈ ਮਹੱਤਵਪੂਰਨ ਹੈ, ਮਹੱਤਵਹੀਨ ਕਿੱਤੇ ਤੋਂ ਭਿੰਨ ਹੋਵੇਗਾ।

ਕਿੱਤਾ ਹੀ ਵਿਅਕਤੀ ਦੀ ਸਥਿਤੀ ਤੇ ਕੰਮ ਵਿੱਚ ਭਿੰਨਤਾ ਲਿਆਉਂਦਾ ਹੈ। ਕਿੱਤਾ, ਆਰਥਿਕ ਸਾਧਨ ਹੀ ਨਹੀਂ ਬਲਕਿ ਇਸ ਨਾਲ ਜੁੜੀ ਭਿੰਨ ਪ੍ਰਤਿਸ਼ਠਾ ਵੀ ਹੈ। ਅਮਰੀਕਾ ਵਿੱਚ ਹਾਟ ਅਤੇ ਨਾਰਥ ਨੇ ਕਿੱਤੇ ਨਾਲ ਜੁੜੀ ਪ੍ਰਤਿਸ਼ਠਾ ਦਾ ਅਧਿਐਨ ਕੀਤਾ ਅਤੇ ਇਹ ਦੇਖਿਆ ਗਿਆ ਕਿ ਡਾਕਟਰ ਦੇ ਕਿੱਤੇ ਨਾਲ ਜੁੜੀ ਪ੍ਰਤਿਸ਼ਠਾ ਸਭ ਤੋਂ ਜ਼ਿਆਦਾ ਅਤੇ ਮੋਚੀ ਦੀ ਸਭ ਤੋਂ ਨਿਮਨ ਹੈ। ਆਧੁਨਿਕ ਸਮੇਂ ਵਿੱਚ ਕਿੱਤੇ ਨਾਲ ਜੁੜੀ ਪ੍ਰਤਿਸ਼ਠਾ ਤੇ ਆਧਾਰ ਬਦਲ ਗਏ ਹਨ। ਅੱਜ ਉਹ ਕਿੱਤਾ ਉੱਚ ਹੈ ਜਿਸਨੂੰ ਹੁਨਰ, ਬੁੱਧੀ ਅਤੇ ਯੋਗਤਾ ਦੇ ਆਧਾਰ ਦੇ ਪਰਖਿਆ ਜਾਂਦਾ ਹੈ।

### 2.4.2.3 ਰਾਜਨੀਤਕ ਆਧਾਰ (Political Base) :

ਆਦਿਮ ਸਮਾਜ ਤੋਂ ਆਧੁਨਿਕ ਸਮੇਂ ਤੱਕ ਰਾਜਨੀਤੀ ਸੱਤਾ, ਸ਼ਕਤੀ ਭਿੰਨਤਾ ਦਾ ਆਧਾਰ ਰਹੀ ਹੈ। ਆਦਿਮ ਸਮਾਜ ਵਿੱਚ ਲੋਕ ਕਬੀਲਿਆਂ ਵਿੱਚ ਰਹਿੰਦੇ ਸਨ ਅਤੇ ਜੰਗਲਾਂ ਵਿੱਚ ਸੁਰੱਖਿਆ ਦੀ ਲੋੜ ਮਹਿਸੂਸ ਹੁੰਦੀ ਸੀ। ਇਸੇ ਲੋੜ ਕਾਰਨ ਹੀ ਕਬੀਲੇ ਵਿੱਚ ਰਾਜਨੀਤਿਕ ਸ਼ਕਤੀ ਨੂੰ ਸੰਗਠਿਤ ਕਰਨਾ ਸ਼ੁਰੂ ਕੀਤਾ। ਕਬੀਲੇ ਦਾ ਮੁਖੀਆ ਹੀ ਸਮੂਹ ਦੀਆਂ ਸਮੱਸਿਆਵਾਂ ਨੂੰ ਹੱਲ ਕਰਦਾ ਸੀ। ਜਿਵੇਂ ਜਿਵੇਂ ਸਮਾਜ ਜਟਿਲ ਹੁੰਦਾ ਗਿਆ ਸਮੂਹ ਵੱਡੇ ਹੁੰਦੇ ਗਏ ਅਤੇ ਸੰਬੰਧ ਰਸਮੀ, ਅਵਿਅਕਤੀਗਤ, ਖੰਡਾਤਮਕ ਅਤੇ ਸੁਆਰਥੀ ਬਣ ਗਏ। ਪਰਿਵਾਰ, ਗੁਆਂਢ ਬਿਰਾਦਰੀ ਆਦਿ ਪ੍ਰਾਥਮਿਕ ਸਮੂਹਾਂ ਦਾ ਕੰਟਰੋਲ ਨਹੀਂ ਰਿਹਾ। ਕਾਨੂੰਨ, ਜੇਲ ਤੋਂ ਪੁਲਿਸ ਦਾ ਡਰ ਹੀ ਲੋਕਾਂ ਦੇ ਵਿਵਹਾਰ ਨੂੰ ਕੰਟਰੋਲ ਕਰਦਾ ਹੈ।

### 2.4.2.4 ਧਾਰਮਿਕ ਆਧਾਰ (Religious Base) :

ਮਾਰਕਸ ਦੇ ਸ਼ਬਦਾਂ ਵਿੱਚ ਧਰਮ ਸਮਾਜ ਦੇ ਉਪਰੀ ਢਾਂਚੇ (Superstructure) ਦਾ ਹਿੱਸਾ ਹੈ। ਧਰਮ ਵਿਵਸਥਾ ਦਾ ਸੰਬੰਧ ਵੀ ਮਨੁੱਖੀ ਇਤਿਹਾਸ ਜਿਨਾਂ ਹੀ ਪੁਰਾਣਾ ਹੈ।

**Acc. to Maciver :** Religion as we understand the term implies a relationship not merely between man and man but also between man and higher power.

**ਮੈਕਾਈਵਰ ਦੇ ਸ਼ਬਦਾਂ ਵਿੱਚ,** ਧਰਮ ਤੋਂ ਭਾਵ ਪੁਰਸ਼ ਦਾ ਆਪਸ ਵਿੱਚ ਸੰਬੰਧ ਨਹੀਂ, ਬਲਕਿ ਪੁਰਸ਼ ਦਾ ਉੱਚ ਸ਼ਕਤੀ ਨਾਲ ਸੰਬੰਧ ਹੈ।

ਧਰਮ ਚਾਹੇ ਵਿਅਕਤੀਗਤ ਹੈ ਪਰ ਇਸਦਾ ਸਮਾਜਿਕ ਪਹਿਲੂ ਸਮਾਜ ਵਿੱਚ ਧਰਮ ਦੇ ਭਿੰਨ ਰੂਪਾਂ ਬਾਰੇ ਦੱਸਦਾ ਹੈ। ਧਰਮ ਵੀ ਉਨਾਂ ਹੀ ਪੁਰਾਣਾ ਹੈ ਜਿੰਨਾ ਕਿ ਮਨੁੱਖੀ ਇਤਿਹਾਸ। ਧਰਮ ਘਰੇਲੂ, ਆਰਥਿਕ, ਰਾਜਨੀਤਕ ਸੰਸਥਾਵਾਂ ਨਾਲ ਜੁੜਿਆ ਹੋਇਆ ਹੈ। ਧਰਮ ਮਨੁੱਖੀ ਸਭਿੱਅਤਾ ਦਾ ਕੇਂਦਰੀ ਤੱਤ ਹੈ।

### 2.4.2.5 ਅਕਾਦਮਿਕ ਆਧਾਰ (Educational Base) :

ਸਿੱਖਿਆ ਸਾਰੀਆਂ ਮਨੁੱਖੀ ਕ੍ਰਿਆਵਾਂ ਦਾ ਆਧਾਰ ਹੈ। ਪ੍ਰਾਚੀਨ ਸਮਾਜ (Preliterate Society) ਵਿੱਚ ਸਿਖਿਆ ਅਨਉਪਚਾਰਿਕ ਸੀ। ਪਿੰਡ ਪਰਿਵਾਰ ਦੇ ਲੋਕਾਂ ਤੋਂ ਹੀ ਇਹ ਸਮਾਜਿਕ ਮੁੱਲ ਲੋਕਰੀਤੀਆਂ, ਰੀਤੀ-ਰਿਵਾਜ ਦੀ

ਜਾਣਕਾਰੀ ਆਪਸੀ ਮਿਲ ਵਰਤਣ ਨਾਲ ਹੀ ਮਿਲਦੀ ਸੀ ਪਰ ਸਭਿਆ ਸਮਾਜ ਵਿੱਚ ਸਿੱਖਿਆ ਸੰਸਥਾਤਮਕ ਹੋ ਗਈ।

ਡੇਵਿਸ ਮੂਰ (Davis Moore) ਦੇ ਸ਼ਬਦਾਂ ਵਿੱਚ, "ਸਿੱਖਿਆ ਕੰਮ ਦੀ ਵੰਡ ਦਾ ਮੁਖ ਸਾਧਨ ਹੈ। ਸਮਾਜ ਵਿੱਚ ਉੱਚ ਸਥਿਤੀ ਭਾਵ ਚੰਗੇ ਅਹੁਦੇ ਉਨ੍ਹਾਂ ਲੋਕਾਂ ਕੋਲ ਹਨ ਜੋ ਸਮਾਜ ਲਈ ਮਹੱਤਵਪੂਰਣ ਕੰਮ ਕਰਦੇ ਹਨ। ਪਰ ਮੂਰ ਦੇ ਵਿਚਾਰਾਂ ਦੀ ਇਸ ਕਰਕੇ ਆਲੋਚਨਾ ਵੀ ਕੀਤੀ ਗਈ ਕਿ ਜ਼ਰੂਰੀ ਨਹੀਂ ਕਿ ਪੜ੍ਹੇ ਲਿਖੇ ਲੋਕ ਹੀ ਚੰਗੇ ਅਹੁਦੇ ਤੇ ਹਨ ਅਤੇ ਕੰਮ ਦੀ ਭਿੰਨਤਾ ਦਾ ਆਧਾਰ ਕੇਵਲ ਸਿੱਖਿਆ ਪੱਧਰ ਜਾਂ ਬੌਧਿਕ ਪੱਧਰ ਹੈ।

## 2.5 ਵਖਰੇਵਾਂ ਅਤੇ ਸਤੱਰੀਕਰਨ ਵਿੱਚ ਭਿੰਨਤਾ (Difference between Differentiation and Stratification) :

ਸਮਾਜਿਕ ਵਖਰੇਵਾਂ ਅਤੇ ਸਮਾਜਿਕ ਸਤਰੀਕਰਨ ਅਲੱਗ-ਅਲੱਗ ਪ੍ਰਕ੍ਰਿਆਵਾਂ ਹਨ ਅਤੇ ਇਹ ਇੱਕ ਦੂਜੇ ਦੇ ਪੂਰਕ ਹਨ। ਇਹ ਦੋਵੇਂ ਪ੍ਰਕ੍ਰਿਆਵਾਂ ਸਮਾਜ ਨੂੰ ਅਲੱਗ-ਅਲੱਗ ਸਮੂਹਾਂ ਵਿੱਚ ਵੰਡਦੀਆਂ ਹਨ। ਇਨ੍ਹਾਂ ਦੀ ਵੰਡ ਦਾ ਆਧਾਰ ਵੀ ਸਮਾਨ ਹੈ। ਦੋਵੇਂ ਪ੍ਰਕ੍ਰਿਆਵਾਂ ਇੱਕ ਦੂਜੇ ਨਾਲ ਸੰਬੰਧਿਤ ਵੀ ਹਨ ਅਤੇ ਭਿੰਨ ਵੀ ਹਨ।

### 2.5.1 ਸਮਾਜਿਕ ਵਖਰੇਵਾਂ ਪ੍ਰਾਕ੍ਰਿਤਕ ਜਾਂ ਆਪਮੁਹਾਰੀ ਪ੍ਰਕ੍ਰਿਆ ਹੈ (Social differentiation is a Natural or spontaneous process) :

ਹਰ ਵਿਅਕਤੀ ਦੂਜੇ ਤੋਂ ਭਿੰਨ ਹੈ ਇਹ ਭਿੰਨਤਾ ਰੰਗ, ਜਨਮ, ਯੋਗਤਾ, ਲਿੰਗ ਦੇ ਆਧਾਰ ਤੇ ਪਾਈ ਜਾਂਦੀ ਹੈ। ਇਨ੍ਹਾਂ ਭਿੰਨਤਾਵਾਂ ਦੇ ਆਧਾਰ ਤੇ ਹੀ ਜਨਸੰਖਿਆ ਭਿੰਨ ਸਮੂਹਾਂ ਵਿੱਚ ਵੰਡੀ ਹੋਈ ਹੈ। ਇਹ ਵੰਡ ਕੋਈ ਸੋਚ ਸਮਝ ਕੇ ਨਹੀਂ ਕੀਤੀ ਜਾਂਦੀ ਪਰ ਸਤਰੀਕਰਨ ਚੇਤਨ ਯਤਨ ਦਾ ਪਰਿਨਾਮ ਹੈ। ਭਿੰਨਤਾ ਤਾਂ ਸਿਰਫ ਭਿੰਨ ਪੱਧਰਾਂ ਦੇ ਆਧਾਰ ਤੇ ਹੈ। ਇਨ੍ਹਾਂ ਵਿੱਚ ਉਚਤਾ ਨਿਮਨਤਾ ਨਹੀਂ ਹੁੰਦੀ। ਸਤਰੀਕਰਨ ਵਿੱਚ ਭਿੰਨ-ਭਿੰਨ ਕੰਮਾਂ ਦੇ ਆਧਾਰ ਤੇ ਦਰਜੇ ਬੰਦੀ ਹੁੰਦੀ ਹੈ। ਵਖਰੇਵਾਂ ਭਿੰਨ ਇਕਾਈਆਂ ਜੋ ਸੁਭਾਵਕ ਰੂਪ ਵਿੱਚ ਹਨ ਉਸ ਆਧਾਰ ਤੇ ਹੁੰਦੀ ਹੈ। ਸਤਰੀਕਰਨ ਯੋਜਨਾਬੱਧ ਰੂਪ ਵਿੱਚ ਵਿਕਸਿਤ ਹੁੰਦਾ ਹੈ।

### 2.5.2 ਸਮਾਜਿਕ ਵਖਰੇਵਾਂ ਸਮਸਤਰੀ ਵੰਡ ਹੈ (Social Differentiation is a horizontal Division) :

ਸਮਾਜਿਕ ਸਤਰੀਕਰਨ ਵਿਚ ਸਮਾਜ ਕਈ ਸਤਰਾਂ ਵਿੱਚ ਵੰਡਿਆ ਹੋਇਆ ਹੈ। ਇਸ ਵੰਡ ਨਾਲ ਜੁੜੀ ਦਰਜੇਬੰਦੀ ਵੀ ਹੈ। ਇਸ ਵਿੱਚ ਭਿੰਨ ਸਤਰਾਂ ਨਾਲ ਜੁੜੀ ਉੱਚ ਅਤੇ ਨਿਮਨ ਸਥਿਤੀ ਹੈ। ਸਮਾਜਿਕ ਵਿਭੇਦੀਕਰਨ ਵਿੱਚ ਵੰਡ ਸਮਤਲ ਰੇਖਾ ਤੇ ਹੁੰਦੀ ਹੈ ਇਸ ਵਿੱਚ ਦਰਜੇਬੰਦੀ ਨਹੀਂ ਹੁੰਦੀ। ਵਿਭੇਦੀਕਰਨ ਵਿੱਚ ਭਿੰਨਤਾ ਦਾ ਆਧਾਰ ਕੋਈ ਵੀ ਹੋ ਸਕਦਾ ਹੈ ਪਰ ਇਸ ਵਿੱਚ ਦਰਜੇਬੰਦੀ ਨਹੀਂ ਹੁੰਦੀ।

### 2.5.3 ਸਮਾਜਿਕ ਵਿਭੇਦੀਕਰਨ ਸਤਰੀਕਰਨ ਦੀ ਤੁਲਨਾ ਵਿੱਚ ਸਰਲ ਹੈ (Social Differentiation is simple in Comparison to startification) :

ਸਮਾਜਿਕ ਵਿਭੇਦੀਕਰਨ ਦੀ ਪ੍ਰਕ੍ਰਿਆ ਸਰਲ ਹੈ ਕਿਉਂਕਿ ਇਸ ਵੰਡ ਦੇ ਆਧਾਰ ਸਪਸ਼ਟ ਹਨ। ਇਨ੍ਹਾਂ ਨੂੰ ਸਪਸ਼ਟ ਰੂਪ ਵਿੱਚ ਦੇਖਿਆ ਜਾ ਸਕਦਾ ਹੈ ਪਰ ਸਤਰੀਕਰਨ ਦਾ ਆਧਾਰ ਜਟਿਲ ਹੈ। ਨਸਲ ਦੇ ਆਧਾਰ ਤੇ ਵੰਡ ਦਾ ਜੋ ਰੂਪ ਅਮਰੀਕਾ ਵਿੱਚ ਦੇਖਣ ਨੂੰ ਮਿਲਦਾ ਹੈ, ਭਾਰਤ ਵਿੱਚ ਨਹੀਂ। ਇਸੇ ਤਰ੍ਹਾਂ ਜਾਤੀ ਦੇ ਆਧਾਰ ਤੇ ਵੰਡ ਦਾ ਜੋ ਰੂਪ ਦੱਖਣੀ ਭਾਰਤ ਦੇ ਕੁਝ ਹਿੱਸਿਆਂ ਵਿੱਚ ਦੇਖਣ ਨੂੰ ਮਿਲਦਾ ਹੈ ਉਤਰੀ ਭਾਰਤ ਦੇ ਕੁਝ ਹਿੱਸਿਆਂ ਵਿੱਚ ਨਹੀਂ। ਸਤਰੀਕਰਨ ਦੇ ਆਧਾਰ ਵੀ ਸਮੇਂ ਸਮੇਂ ਤੇ ਬਦਲਦੇ ਰਹੇ ਹਨ। ਜਿਵੇਂ ਪਹਿਲੇ ਸਮੇਂ ਵਿਚ ਜਾਤੀ ਸਤਰੀਕਰਨ ਦਾ ਮੁੱਖ ਆਧਾਰ ਰਿਹਾ ਹੈ। ਹੁਣ ਵਰਗ ਇਸ ਦਾ ਸਥਾਨ ਲੈ ਰਿਹਾ ਹੈ। ਸਮਾਜਿਕ ਵਿਭਿੰਨਤਾ ਦੀ ਪ੍ਰਕ੍ਰਿਆ ਵਿਅਕਤੀਗਤ ਨਹੀਂ। (Olgen)

ਸਤਰੀਕਰਨ ਦਾ ਆਧਾਰ ਭਿੰਨ ਹੁੰਦੇ ਹੋਏ ਵੀ ਇਹ ਪ੍ਰਕ੍ਰਿਆ ਵਿਅਕਤੀਗਤ ਹੋ ਜਾਂਦੀ ਹੈ। ਆਪਸ ਵਿੱਚ ਇੱਕ ਦੂਜੇ ਤੋਂ ਅੱਗੇ ਨਿਕਲਣ ਦੀ ਪ੍ਰਕ੍ਰਿਆ ਕਈ ਵਾਰ ਸੰਘਰਸ਼ ਦਾ ਰੂਪ ਧਾਰਨ ਕਰ ਲੈਂਦੀ ਹੈ ਇਸ ਲਈ ਇਹ ਵਿਅਕਤੀਗਤ ਪ੍ਰਕ੍ਰਿਆ ਹੈ। ਇਸਦੇ ਉਲਟ ਵਖਰੇਵਾਂ ਦੇ ਆਧਾਰ ਵੀ ਭਿੰਨ ਹਨ ਪਰ ਇਹ ਵਿਅਕਤੀਗਤ ਨਹੀਂ। ਪ੍ਰਤੀਯੋਗਤਾ ਵੀ ਇੱਕ ਦੂਜੇ ਤੋਂ ਅੱਗੇ ਨਿਕਲਣ ਦੀ ਪ੍ਰਕ੍ਰਿਆ ਹੈ ਪਰ ਦੂਜੇ ਨੂੰ ਨੁਕਸਾਨ ਪਹੁੰਚਾ ਕੇ ਨਹੀਂ।

### 2.5.4 ਵਖਰੇਵਾਂ ਦੀ ਪ੍ਰਕ੍ਰਿਆ ਸਤਰੀਕਰਨ ਤੋਂ ਪੁਰਾਣੀ ਹੈ :

ਵਖਰੇਵਾਂ ਦੇ ਆਧਾਰ ਜਨਮ, ਉਮਰ, ਲਿੰਗ ਆਦਿ ਆਦਿਮ ਸਮਾਜ ਤੋਂ ਹੀ ਸਮਾਜ ਦਾ ਹਿੱਸਾ ਰਹੇ ਹਨ। ਸਤਰੀਕਰਨ ਉਸ ਸਮੇਂ ਸਮਾਜ ਦਾ ਹਿੱਸਾ ਬਣਿਆ ਜਦੋਂ ਸਮਾਜ ਵਿੱਚ ਸਥਿਰ ਵਿਵਸਥਾ ਹੋਈ ਜਿਵੇਂ ਇਹ ਨਿਯਮਤ ਹੁੰਦਾ ਗਿਆ ਇਹ ਸਤਰੀਕਰਨ ਦੀ ਪ੍ਰਕ੍ਰਿਆ ਹੋਰ ਕਠੋਰ ਹੁੰਦੀ ਗਈ।

### 2.6 ਸਾਰ :

ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਸਮਾਜਿਕ ਵਖਰੇਵਾਂ ਅਤੇ ਸਮਾਜਿਕ ਸਤਰੀਕਰਨ ਦੋਵੇਂ ਹੀ ਪ੍ਰਕ੍ਰਿਆਵਾਂ ਸਮਾਜ ਨੂੰ ਅਲੱਗ-ਅਲੱਗ ਸਮੂਹਾਂ ਵਿੱਚ ਵੰਡਦੀਆਂ ਹਨ। ਇਹ ਸਮਾਜਿਕ ਵਖਰੇਵਾਂ ਵੰਡ ਦੇ ਆਧਾਰ ਵੀ ਉਹੀ ਹਨ ਜੋ ਸਤਰੀਕਰਨ ਦੇ ਹਨ ਪਰ ਮੁੱਖ ਭਿੰਨਤਾ ਜੋ ਇਹਨਾਂ ਪ੍ਰਕ੍ਰਿਆਵਾਂ ਵਿੱਚ ਪਾਈ ਜਾਂਦੀ ਹੈ ਉਹ ਹੈ ਕਿ ਸਤਰੀਕਰਨ ਵਿੱਚ ਵਿਅਕਤੀਆਂ ਦੇ ਸੰਬੰਧ ਲੰਬਾਤਮਿਕ (vertical) ਹੁੰਦੇ ਹਨ ਜਿਨ੍ਹਾਂ ਵਿੱਚ ਉੱਚਤਾ ਅਤੇ ਨਿਮਨਤਾ ਪਾਈ ਜਾਂਦੀ ਹੈ। ਵਿਭਿੰਨਤਾ ਸਮਸਤਰੀ (Horizontal) ਹੈ ਅਤੇ ਇਹ ਸੰਬੰਧਾਂ ਵਿੱਚ ਦਰਜੇਬੰਦੀ ਨਹੀਂ ਹੁੰਦੀ।

### 2.7 ਅਭਿਆਸ ਲਈ ਪ੍ਰਸ਼ਨ :

1. ਸਮਾਜਿਕ ਵਖਰੇਵਾਂ ਦੇ ਭਿੰਨ ਆਧਾਰ ਕੀ ਹਨ। ਵਿਆਖਿਆ ਕਰੋ?
2. ਸਮਾਜਿਕ ਵਖਰੇਵਾਂ ਤੇ ਵਿਸਤਾਰ ਨੋਟ ਲਿਖੋ?
3. ਸਮਾਜਿਕ ਸਤਰੀਕਰਨ ਅਤੇ ਸਮਾਜਿਕ ਵਖਰੇਵਾਂ ਵਿੱਚ ਅੰਤਰ ਦੱਸੋ?

**ਸੰਖੇਪ ਸਵਾਲ :**

(ੳ) ਸਮਾਜਿਕ ਵਖਰੇਵਾਂ ਦੀ ਪਰਿਭਾਸ਼ਾ

(ਅ) ਸਮਾਜਿਕ ਸਤਰੀਕਰਨ ਅਤੇ ਸਮਾਜਿਕ ਸਤਰੀਕਰਨ ਵਿੱਚ ਪਾਏ ਜਾਣ ਵਾਲੇ ਦੋ ਅੰਤਰ

(ੲ) ਸਮਾਜਿਕ ਵਖਰੇਵਾਂ ਦਾ ਜੀਵ-ਵਿਗਿਆਨ ਆਧਾਰ

(ਸ) ਸਮਾਜਿਕ ਵਖਰੇਵਾਂ ਦਾ ਸਮਾਜਿਕ ਸੰਸਕ੍ਰਿਤਕ ਆਧਾਰ

### 2.8 ਉਪਯੋਗੀ ਪੁਸਤਕਾਂ :

1. C.N. Shankar Rao, Primary Principles, S. Chand & Company Ltd., New Delhi, 2004.
2. Dipankar Gupta, Social Stratification, (Edited by) Oxford University Press, 1991.
3. Harlanloos : Sociology Themes and Perspectives, Oxford University Press, 1980.
4. Harry. M. Johnson : Sociology, A Systematic Introduction, Allied Publishers, 1966.
5. Neil. J. Smelser : Sociology, Prentice Hall of India, New Delhi, 1993.

**ਪਾਠ ਨੰ : 3** **ਲੇਖਕ : ਪ੍ਰੋ. ਸਪਨਾ ਪ੍ਰੇਮੀ**

# ਸਮਾਜਿਕ ਸਤਰੀਕਰਨ ਦੇ ਸਿਧਾਂਤ : ਮਾਰਕਸ, ਵੈਬਰ, ਡੇਵਿਸ ਤੇ ਮੂਰ ਅਤੇ ਵਾਰਨਰ

## (Theories of Social Stratification : Marx, Weber, Davis and Moore and Warner)

**ਬਣਤਰ**

3.0 ਉਦੇਸ਼
3.1 ਜਾਣ-ਪਛਾਣ
3.2 ਸਮਾਜਿਕ ਸਤਰੀਕਰਨ ਦਾ ਅਰਥ
3.3 ਪਰਿਭਾਸ਼ਾਵਾਂ
3.4 ਸਮਾਜਿਕ ਸਤਰੀਕਰਣ ਦੀਆਂ ਵਿਸ਼ੇਸ਼ਤਾਵਾਂ
3.5 ਸਤਰੀਕਰਣ ਦੇ ਸਿਧਾਂਤ
    3.5.1 ਡੇਵਿਸ ਅਤੇ ਮੂਰ ਦਾ ਕਾਰਜਾਤਮਕ ਸਿਧਾਂਤ
    3.5.2 ਸਮਾਜਿਕ ਸਤਰੀਕਰਣ ਦਾ ਮਾਰਕਸਵਾਦੀ ਸਿਧਾਂਤ
    3.5.3 ਵੈਬਰ ਦਾ ਸਿਧਾਂਤ
    3.5.4 ਵਾਰਨਰ ਦਾ ਸਿਧਾਂਤ
3.6 ਸਾਰ
3.7 ਅਭਿਆਸ ਲਈ ਪ੍ਰਸ਼ਨ
3.8 ਉਪਯੋਗੀ ਪੁਸਤਕਾਂ

## 3.0 ਉਦੇਸ਼ :

ਇਸ ਪਾਠ ਨੂੰ ਪੜ੍ਹਨ ਤੋਂ ਬਾਅਦ ਤੁਸੀਂ ਹੇਠ ਲਿਖੀਆਂ ਗੱਲਾਂ ਦੇ ਉੱਤਰ ਦੇਣ ਯੋਗ ਹੋਵੋਗੇ ਕਿ

- ਸਮਾਜਿਕ ਸਤਰੀਕਰਣ ਦਾ ਅਰਥ ਦਸ ਸਕੋ।
- ਸਮਾਜਿਕ ਸਤਰੀਕਰਣ ਦੀਆਂ ਵਿਸ਼ੇਸ਼ਤਾਵਾਂ ਨੂੰ ਬਿਆਨ ਕਰ ਸਕੋ।
- ਡੇਵਿਸ ਅਤੇ ਮੂਰ ਅਨੁਸਾਰ ਸਮਾਜਿਕ ਸਤਰੀਕਰਨ ਦੇ ਸਿਧਾਂਤ ਦੀ ਵਿਆਖਿਆ ਕਰ ਸਕੋ।
- ਹੋਰ ਵਿਗਿਆਨੀਆਂ (ਵਾਰਨਰ, ਮੈਕਸ, ਵੈਬਰ, ਮਾਰਕਸ) ਦੇ ਸਮਾਜਿਕ ਸਤਰੀਕਰਣ ਬਾਰੇ ਵਿਚਾਰਾਂ ਤੇ ਰੌਸ਼ਨੀ ਪਾ ਸਕੋ।

## 3.1 ਜਾਣ-ਪਛਾਣ (Introduction) :

ਸ਼ੁਰੂ ਤੋਂ ਹੀ ਮਨੁੱਖ ਸਮਾਨਤਾਵਾਦੀ ਸਮਾਜ ਨੂੰ ਸਥਾਪਿਤ ਕਰਨ ਦਾ ਇੱਛੁਕ ਰਿਹਾ ਹੈ। ਸਮਾਨਤਾਵਾਦੀ ਸਮਾਜ ਦਾ ਅਰਥ ਹੈ ਵਰਗਹੀਣ ਜਾਂ ਸ਼੍ਰੇਣੀ ਰਹਿਤ ਸਮਾਜ। ਇਸ ਨੂੰ ਹੋਰ ਸਪੱਸ਼ਟ ਕਰਦੇ ਹੋਏ, ਸਮਾਨਤਾਵਾਦੀ ਸਮਾਜ ਉਹ ਹੈ ਜਿਸ ਵਿੱਚ ਇੱਕ ਵਰਗ ਹੋਏ, ਆਰਥਿਕ ਅਤੇ ਸਮਾਜਕ ਸੁਵਿਧਾਵਾਂ ਦੇ ਸੰਬੰਧ ਵਿੱਚ ਸਭ ਮੈਂਬਰਾਂ ਦੀ ਸਥਿਤੀ ਬਰਾਬਰ ਹੋਵੇ, ਸਭ ਨੂੰ ਸਮਾਨ ਸੁਵਿਧਾਵਾਂ ਦੇ ਸੰਬੰਧ ਵਿੱਚ ਸਭ ਮੈਂਬਰਾਂ ਦੀ ਸਥਿਤੀ ਬਰਾਬਰ ਹੋਵੇ ਅਤੇ ਇਸ ਤਰ੍ਹਾਂ ਵਰਗ ਦੇ ਮੈਂਬਰਾਂ ਵਿੱਚ ਕਿਸੇ ਕਿਸਮ ਦੇ ਉਚ-ਨੀਚ ਦੇ ਸੰਬੰਧ ਨਾ ਪਾਏ ਜਾਂਦੇ ਹੋਣ।

ਪਰ ਅਜਿਹੇ ਸਮਾਜ ਦਾ ਸੁਪਨਾ ਹੀ ਹੈ। ਸੈਮੁਅਲ ਕੋਇੰਨਿੰਗ ਦੇ ਸ਼ਬਦਾਂ ਵਿੱਚ, " ਇਹ ਪ੍ਰਮਾਣ ਨਿਸ਼ਚਿਤ ਹੀ ਮਿਲ ਜਾਂਦਾ ਹੈ ਕਿ ਮਨੁੱਖੀ ਸਮਾਜ ਵਿੱਚ, ਮੈਂਬਰ ਘੱਟ ਜਾਂ ਵੱਧ ਵਿਭਿੰਨ ਸਮੂਹਾਂ ਵਿੱਚ ਵੰਡੇ ਜਾਂਦੇ ਹਨ। ਵਧੇਰੇ ਆਦਿ ਕਾਲੀਨ ਸਮਾਜਾਂ ਵਿੱਚ ਕਿਸੇ ਨਾ ਕਿਸੇ ਪ੍ਰਕਾਰ ਦਾ ਸਮਾਜਿਕ ਸਤਰੀਕਰਣ ਮੌਜੂਦ ਸੀ।' ਮਾਰਕਸ ਨੇ ਰੂਸ ਵਿੱਚ ਸ੍ਰੇਣੀ ਰਹਿਤ ਸਮਾਜ ਨੂੰ ਸਥਾਪਿਤ ਕਰਨ ਦਾ ਯਤਨ ਕੀਤਾ, ਪਰ ਉੱਥੇ ਵੀ ਸਮਾਜਵਾਦੀ ਸਿਧਾਂਤ ਤੇ ਸਰਕਾਰ ਨੂੰ ਚਲਾਉਣ ਦੇ ਬਾਵਜੂਦ ਸ੍ਰੇਣੀਆਂ ਮੌਜੂਦ ਸਨ ਇਹ ਵੇਖਣ ਵਿੱਚ ਆਇਆ ਹੈ ਕਿ ਆਦਿ ਕਾਲ ਤੋਂ ਹੀ ਸਭ ਸਮਾਜ ਵਿਭਿੰਨ ਵਰਗਾਂ ਵਿੱਚ ਵਿਭਾਜਿਤ ਰਹੇ ਹਨ। ਆਦਿਮ ਸਮਾਜਾਂ ਵਿੱਚ ਉਮਰ, ਲਿੰਗ, ਮੁਖੀਏ ਦੇ ਪਦ ਆਦਿ ਦੇ ਆਧਾਰ ਤੇ ਸਮਾਜ ਵਿੱਚ ਸਮੂਹਾਂ ਦਾ ਵਿਭਾਜਨ ਅਤੇ ਉਚ-ਨੀਚ ਦਾ ਭੇਦ ਦੇਖਣ ਨੂੰ ਮਿਲਦਾ ਹੈ। ਸੰਖੇਪ ਸ਼ਬਦਾਂ ਵਿੱਚ ਸਮਾਜ ਸਤਰੀਕਰਣ ਸਭ ਸਮਾਜਾਂ ਵਿੱਚ ਪਾਇਆ ਜਾਂਦਾ ਹੈ ਭਾਵੇਂ ਕੁਝ ਸਮਾਜਾਂ ਵਿੱਚ ਨਿਸ਼ਚੇ ਹੀ ਸਤਰੀਕਰਣ ਅਵਿਕਸਿਤ ਜਾਂ ਥੋੜਾ ਹੁੰਦਾ ਹੈ। ਪਰ ਹੁੰਦਾ ਇਹ ਜ਼ਰੂਰ ਹੈ।

## 3.2 ਸਮਾਜਕ ਸਤਰੀਕਰਣ ਕੀ ਹੈ (What is Social Stratification):-

ਸਮਾਜਕ ਸਤਰੀਕਰਣ ਦਾ ਸ਼ਬਦ ਅੰਗਰੇਜੀ ਭਾਸ਼ਾ ਦੇ ਸ਼ਬਦ 'Social Stratification' ਦਾ ਰੂਪਾਂਤਰ ਹੈ। ਅੰਗਰੇਜ਼ੀ ਦਾ ਸ਼ਬਦ 'Strata' ਜਿਸ ਦਾ ਪੰਜਾਬੀ ਅਰਥ ਸਤਰ (Layers) ਹੈ। ਇਸ ਸ਼ਬਦ ਦੀ ਉਤਪਤੀ ਇਕ ਵਚਨ ਲਾਤੀਨੀ ਭਾਸ਼ਾ ਦੇ ਸ਼ਬਦ 'Stratum' ਤੋਂ ਬਣੀ ਹੈ, ਜਿਸ ਦਾ ਅਰਥ 'ਸਤਰ' ਹੈ। ਇਸ ਤਰ੍ਹਾਂ 'Strata' ਸ਼ਬਦ ਦਾ ਅਰਥ 'ਸਤਰਾਂ' ਹੈ। ਸਤਰਾਂ ਸ਼ਬਦ ਇਸ ਗੱਲ ਦਾ ਪ੍ਰਤੀਕ ਹੈ ਕਿ ਵਸਤ ਵਿਸ਼ੇਸ਼ ਆਵੰਡ ਪੂਰਣਤਾ (Indivisible whole) ਨਹੀ, ਸਗੋਂ ਵੱਖ-ਵੱਖ ਸਤਰਾਂ ਵਿੱਚ ਵੰਡੀ ਹੋਈ ਹੈ। ਇਸ ਤਰ੍ਹਾਂ ਸਾਧਾਰਣ ਸ਼ਬਦਾ ਵਿੱਚ, ਸਤਰੀਕਰਣ ਦਾ ਅਰਥ ਵਸਤ ਵਿਸ਼ੇਸ਼ ਦਾ ਵੱਖ-ਵੱਖ ਸਤਰਾਂ ਵਿੱਚ ਵੰਡੇ ਜਾਣ ਤੋਂ ਹੈ।

ਸਮਾਜ ਵਿਗਿਆਨੀਆਂ ਨੂੰ ਇਹ ਸ਼ਬਦ ਭੂ-ਵਿਗਿਆਨੀਆਂ ਤੋਂ ਲੈ ਕੇ ਮਨੁੱਖੀ ਸਮਾਜ ਲਈ ਵਰਤਿਆ ਤੇ ਕਿਹਾ ਕਿ ਮਨੁੱਖੀ ਸਮਾਜ ਕੁੱਝ ਅਜਿਹੀਆਂ ਸਥਿਰ ਵੱਖ-ਵੱਖ ਪਰਤਾਂ (ਸਤਰਾਂ),ਜਿਨ੍ਹਾਂ ਨੂੰ ਵਰਗ (Class), ਜਾਤ (Caste) ਆਦਿ ਕੁੱਝ ਵੀ ਨਾਂ ਦਿੱਤਾ ਜਾਂਦਾ ਹੈ, ਵਿੱਚ ਵੰਡਿਆ ਹੋਇਆ ਹੈ ਅਤੇ

ਇਹ ਸਤਰਾਂ ਉਚੱਤਾ ਤੇ ਨਿਮਰਤਾ ਦੇ ਕ੍ਰਮ ਵਿੱਚ ਵਿਵਸਥਿਤ ਹੁੰਦੀਆਂ ਹਨ। ਇਸ ਉਚੱਤਾ ਤੇ ਨਿਮਰਤਾ ਕ੍ਰਮ ਅਨੁਸਾਰ ਇਨ੍ਹਾਂ ਸਤਰਾਂ ਦੇ ਮੈਂਬਰਾਂ ਦੇ ਆਪਸੀ ਸੰਬੰਧ ਨਿਰਧਾਰਿਤ ਹੁੰਦੇ ਹਨ।

ਅਤਿ ਸਰਲ ਕਬਾਇਲੀ ਸਮੂਹਾਂ ਵਿੱਚ ਸਮਾਜਿਕ ਸਤਰੀਕਰਣ ਮੁੱਢਲੀ ਭਾਂਤ ਦਾ ਸੀ। ਸਭ ਵਿਅਕਤੀ (ਇਕੋ ਉਮਰ ਅਤੇ ਲਿੰਗ ਦੇ) ਇਕੋ ਜਿਹਾ ਕੰਮ ਕਰਦੇ ਸਨ। ਇਹ ਕਿਹਾ ਜਾ ਸਕਦਾ ਹੈ ਕਿ ਕੁੱਝ ਵਿਅਕਤੀ ਦੂਜਿਆ ਦੇ ਮੁਕਾਬਲੇ ਵਿੱਚ ਵਧੇਰੇ ਪ੍ਰਭਾਵਸ਼ਾਲੀ ਹੋਣ ਕਾਰਨ ਉਹਨਾਂ ਨੂੰ ਵਧੇਰੇ ਇੱਜਤਮਾਨ ਪ੍ਰਾਪਤ ਹੁੰਦਾ ਹੋਵੇਗਾ। ਪਰ ਇਨ੍ਹਾਂ ਸਮੂਹਾਂ ਵਿੱਚ ਲੋਕਾਂ ਦੀ ਕੋਈ ਅਗਲੀ ਸ੍ਰੇਣੀ (Catagory) ਜਾਂ ਸਮੂਹ ਨਹੀ ਸੀ, ਜਿਸ ਨੂੰ ਵਧੇਰੇ ਪ੍ਰਤਿਸ਼ਠਤਾ (Prestige) ਅਤੇ ਵਿਸ਼ੇਸ਼ ਅਧਿਕਾਰ (Privileges) ਵਾਲੀ ਸਥਿਤੀ (Position) ਪ੍ਰਾਪਤ ਹੋਵੇ। ਇਨ੍ਹਾਂ ਸਰਲ ਕਬਾਇਲੀ ਸਮੂਹਾਂ ਤੋਂ ਛੁੱਟ ਬਾਕੀ ਕਿਸੇ ਵੀ ਸਮਾਜ ਦੇ ਮਾਨਵੀ ਸਮਾਜ ਲਈ ਸੁਭਾਵਿਕ ਹੀ ਹੈ ਕਿ ਉਹ ਨਾ ਸਿਰਫ਼ ਸੰਸਥਾਵਾਂ ਵਿੱਚ ਸੰਰਚਨਾਤਮਕ ਤੇ ਕਾਰਜਾਤਮਕ ਤੌਰ ਤੇ ਸੰਗਠਿਤ ਹੁੰਦੇ ਹਨ ਸਗੋਂ ਉਹਨਾਂ ਵਿੱਚ ਪਦ ਵਿਵਸਥਾ ਦੀ ਦਰਜਾਬੰਦੀ ਵੀ ਮੌਜੂਦ ਹੁੰਦੀ ਹੈ। ਜਿਹੜੀ ਕਿ ਸਵੈ (Self) ਅਤੇ ਹੋਰਨਾਂ ਵਿਭਿੰਨਤਾਵਾਂ ਅਤੇ ਰੈਕਿੰਗ ( Ranking) ਵਿੱਚ ਵਿਕਸਿਤ ਹੁੰਦੀ ਹੈ। ਪਦਾਂ ਦੇ ਉੱਚੇ ਦਰਜੇ ਦੀ ਸਤਰ (Stratum) ਨੂੰ ਅਕਸਰ 'ਉਚੇਰਾ' ਪ੍ਰਭਾਵੀ (Dominat) ਜਾਂ ਏਲੀਟ (Elite) ਦਾ ਨਾਂ ਦਿੱਤਾ ਜਾਂਦਾ ਹੈ ਜਦੋਂ ਕਿ ਅਧੀਨ ਸਤਰ ਦੇ ਪਦਾ ਨੂੰ ਨੀਵੇਂ (Lower) ਦਰਜੇ ਦਾ ਕਿਹਾ ਜਾਂਦਾ ਹੈ, ਸਤਰਾਂ ਦੇ ਇਹ ਦੋਵੇ ਸੈਟੱ ਚਾਰ ਉਪਕਰਣਾਂ ਦੀ ਅਸਮਾਨ ਸਮਾਜਿਕ ਵੰਡ ਉੱਤੇ ਆਧਾਰਿਤ ਹੈ। ਇਹ ਚਾਰ ਉਪਕਰਣ ਹਨ :- ਪ੍ਰਤਿਸ਼ਠਾ (prestige), ਸੱਤਾ (Authority), ਸ਼ਕਤੀ (Power), ਧਨ (Wealth), ਪ੍ਰਤਿਸ਼ਠਾ ਅਤੇ ਸੱਤਾ ਤਾਂ ਸਮਾਜਕਿ ਪੱਦ ਦੇ ਅੰਤਰਮੁਖੀ (Subjective) ਪੱਖ ਹਨ, ਜਦੋਂ ਕਿ ਸ਼ਕਤੀ, ਧਨ ਬਾਹਰਮੁਖੀ (Objective) ਪੱਖ ਹਨ।

## 3.3 ਪਰਿਭਾਸ਼ਾਵਾ

ਪੀ ਗਿਜ਼ਬਰਟ (P.Gisbart) ਅਨੁਸਾਰ, " ਸਮਾਜਕ ਸਤਰੀਕਰਣ ਦਾ ਅਰਥ ਸਮਾਜ ਨੂੰ ਕੁੱਝ ਅਜਿਹੇ ਸਥਾਈ ਸਮੂਹਾਂ ਜਾਂ ਸ੍ਰੇਣੀਆਂ ਵਿੱਚ ਵਿਭਾਜਿਤ ਕਰਨ ਦੀ ਵਿਵਸਥਾ ਤੋਂ ਹੈ, ਜਿਸ ਦੇ ਅੰਤਰਗਤ ਸਭ ਸਮੂਹ, ਸ਼੍ਰੇਸ਼ਠਤਾ ਅਤੇ ਅਧੀਨਗੀ ਦੇ ਸੰਬੰਧਾ ਦੁਆਰਾ ਇਕ ਦੂਜੇ ਨਾਲ ਜੁੜੇ ਹੁੰਦੇ ਹਨ।

(Social Stratification is the divison of society in permanent groups or categories linked with each other by the relationship of super ordination and subordination-Gisbert)

ਔਗਰਬਰਨ ਅਤੇ ਨਿਮਕੌਫ (Ogburn & Nimkoff) ਦੇ ਅਨੁਸਾਰ "ਸਤਰੀਕਰਣ ਉਸ ਪ੍ਰਕਿਰਿਆ ਨੂੰ ਕਹਿੰਦੇ ਹਨ, ਜਿਸ ਦੇ ਦੁਆਰਾ ਵਿਅਕਤੀ ਅਤੇ ਸਮੂਹ ਪਦਾਂ ਦੀ ਸਥਾਈ ਕ੍ਰਮਬੱਧਤਾ ਵਿਚ ਵਿਭਾਜਿਤ ਕੀਤੇ ਜਾਂਦੇ ਹਨ।"

The process by which individuals and groups are ranked in a more or less ending hierarchy of status is known as stratification –(Ogburn and Nimkoff)

ਕਿੰਗਸਲੇ ਡੇਵਿਸ ਅਨੁਸਾਰ, "ਸਮਾਜਿਕ ਅਸਮਾਨਤਾ ਇਕ ਅਚੇਤਨ ਰੂਪ ਨਾਲ ਅਪਣਾਈ ਇਹੋ ਜਿਹੀ ਵਿਧੀ ਹੈ ਜਿਸ ਰਾਹੀਂ ਅਲੱਗ-ਅਲੱਗ ਸਮਾਜ ਇਹ ਯਕੀਨੀ ਬਣਾਉਂਦੇ ਹਨ ਕਿ ਸਭ ਤੋਂ ਜਿਆਦਾ ਮਹੱਤਵਪੂਰਨ ਅਹੁਦਿਆਂ ਤੇ ਚੇਤਨ ਰੂਪ ਨਾਲ ਸਭ ਤੋਂ ਜਿਆਦਾ ਯੋਗ ਵਿਅਕਤੀ ਨੂੰ ਰੱਖਿਆ ਗਿਆ

ਹੈ। ਇਸ ਲਈ ਹਰੇਕ ਸਮਾਜ ਵਿਚ ਚਾਹੇ ਉਹ ਸਾਧਾਰਨ ਸਮਾਜ ਹੋਵੇ ਜਾਂ ਗੁੰਝਲਦਾਰ, ਸੰਸਥਾਗਤ ਸਮਾਨਤਾ ਅਤੇ ਸਮਾਜਿਕ ਸਤਰੀਕਰਨ ਹੋਣਾ ਜਰੂਰੀ ਹੈ।"

(Social inequality is thus an unconsciously evolved device by which societies ensure that the most important positions are consciously filled by the most qualified persons. Hense every society, no matter simple or complex must differentitate persons in terms of both cetige and esteem)" - (K.Davis).

ਸੋਰੋਕਿਨ ਦੇ ਅਨੁਸਾਰ, "ਸਮਾਜਿਕ ਸਤਰੀਕਰਣ ਪ੍ਰਸਤੁਤ ਜਨਸੰਖਿਆ ਦਾ ਪਦ-ਸੋਪਾਨ ਜਾਂ ਪੌੜੀ ਵਿਵਸਥਾ (hierarchy) ਵਰਗਾਂ ਵਿਚ ਵਖਰੇਵਾਂ ਕਰਨਾ ਹੈ। ਇਸ ਦਾ ਪ੍ਰਗਟਾਉ ਸਮਾਜ ਦੇ ਉੱਚੇ ਅਤੇ ਨੀਵੇਂ ਪੱਧਰ ਰਾਹੀਂ ਹੁੰਦਾ ਹੈ।"

(Social stratification means the differentiation of a given population into hierarchieally superposed classes. It is manifested in the existence of upper lower social layer). (Sorokin)

## 3.4 ਸਮਾਜਿਕ ਸਤਰੀਕਰਨ ਦੀਆਂ ਵਿਸ਼ੇਸ਼ਤਾਵਾਂ

ਸਮਾਜਿਕ ਸਤਰੀਕਰਣ ਦੀ ਪ੍ਰਕ੍ਰਿਆ ਤਦ ਤੱਕ ਸੰਭਵ ਨਹੀਂ ਹੁੰਦੀ, ਜਦੋਂ ਤੱਕ ਸਮਾਜ ਦੀਆਂ ਵਿਭਾਜਿਤ ਇਕਾਈਆਂ ਵਿੱਚ ਸਥਿਰਤਾ ਨਾ ਹੋਵੇ, ਕਿਉਂਕਿ ਇਸ ਸਥਿਰਤਾ ਦੇ ਆਧਾਰ ਉੱਤੇ ਉੱਚ-ਨੀਚ ਦੀ ਭਾਵਨਾ ਜਿਉਂਦੀ ਰਹਿੰਦੀ ਹੈ।

1) ਸਮਾਜ ਦੀਆਂ ਵਿਭਿੰਨ ਸਮਾਜਕ ਸਤਰਾਂ ਇਕ ਦੂਜੇ ਤੋਂ ਅਲੱਗ ਨਹੀਂ ਰਹਿੰਦੀਆਂ ਬਲਕਿ ਗੂੜੇ ਰੂਪ ਨਾਲ ਇਕ ਦੂਜੇ ਨਾਲ ਜੁੜੀਆਂ ਰਹਿੰਦੀਆਂ ਹਨ, ਜਿਸ ਲਈ ਕਿਸੇ ਇਕ ਸਤਰ ਨੂੰ ਦੂਜੀ ਸਤਰ ਦੇ ਸਬੰਧ ਵਿਚ ਹੀ ਸਮਝਿਆ ਜਾ ਸਕਦਾ ਹੈ। ਉਚੱਤਾ ਤੇ ਨਿਮਨਤਾ ਤੁਲਨਾਤਮਕ ਸ਼ਬਦ ਹਨ।
2) ਸਮਾਜਿਕ ਸਤਰੀਕਰਨ ਦੀ ਵਿਵਸਥਾ ਵਿਚ ਨਿਰੰਤਰਤਾ ਪਾਈ ਜਾਂਦੀ ਹੈ, ਇਸ ਲਈ ਇਹ ਕੋਈ ਸਥਿਰ ਵਿਵਸਥਾ ਨਹੀਂ ਬਲਕਿ ਨਿਰੰਤਰ ਚਲਦੀ ਰਹਿਣ ਵਾਲੀ ਵਿਵਸਥਾ ਹੈ।
3) ਸਮਾਜਿਕ ਸਤਰੀਕਰਣ ਦੀ ਪ੍ਰਕ੍ਰਿਆ ਵਿਚ ਕੇਵਲ ਭਿੰਨਤਾ ਦਾ ਆਧਾਰ ਅਵੱਸ਼ਕ ਨਹੀਂ, ਬਲਕਿ ਭਿੰਨਤਾ ਦੇ ਇਲਾਵਾ ਉਚੱਤਾ-ਨਿਮਨਤਾ ਜਾਂ ਅਧੀਨਤਾ ਦੇ ਸੰਬੰਧਾ ਦਾ ਹੋਣਾ ਜਰੂਰੀ ਹੈ।
4) ਸਮਾਜ ਇਕ ਵਰਗ, ਸਮੂਹ ਜਾਂ ਸ਼੍ਰੇਣੀ ਵਿਚ ਵਿਅਕਤੀ ਨੂੰ ਉੱਚਾ ਸਮਝਿਆ ਜਾਵੇ ਜਾਂ ਨੀਵਾਂ ਇਹ ਵਿਸ਼ੇਸ਼ ਸਮਾਜ ਸਮੂਹ ਜਾਂ ਵਰਗ ਦੀਆਂ ਕੀਮਤਾਂ ਅਤੇ ਆਦਰਸ਼ਾ ਉੱਤੇ ਨਿਰਭਰ ਹੁੰਦਾ ਹੈ।

## 3.5 ਸਤਰੀਕਰਣ ਦੇ ਸਿਧਾਂਤ

ਸਮਾਜਿਕ ਸਤਰੀਕਰਣ ਦੇ ਬਾਰੇ ਅਲੱਗ-ਅਲੱਗ ਵਿਗਿਆਨੀਆਂ ਨੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ ਹਨ, ਕਿ ਕਿਸ ਤਰ੍ਹਾਂ ਸਮਾਜ ਵਿਚ ਲੋਕਾਂ ਦੀ ਉੱਚੇ ਤੋਂ ਨੀਵੇਂ ਦਰਜੇ ਅਨੁਸਾਰ ਵੰਡ ਹੁੰਦੀ ਹੈ ਤੇ ਕਿਸ ਤਰ੍ਹਾਂ ਐਨਾ ਉਚੱਤਮ ਤੇ ਨਿਮਤਮ ਦੇ ਵਰਗਾਂ ਦੇ ਆਧਾਰ ਤੇ ਸਮਾਜ ਵਿਚ ਸਾਰੇ ਕੰਮ ਹੁੰਦੇ ਹਨ। ਐਨਾਂ ਵਿਚੋਂ ਕੁੱਝ ਵਿਗਿਆਨੀ ਹਨ - ਡੇਵਿਸ ਅਤੇ ਮੂਰ (Davis & Moore), ਮਾਰਕਸ (Marx) ਮੈਕਸ ਵੈਬਰ (Max Weber), ਵਾਰਨਰ (Warner)। ਐਨਾਂ ਸਭ ਵਿਗਿਆਨੀਆਂ ਨੇ ਸਤਰੀਕਰਣ ਦੇ ਬਾਰੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ ਹਨ ਜੋ ਕਿ ਹੇਠ ਲਿਖੇ ਅਨੁਸਾਰ ਹਨ:-

## 3.5.1 ਡੇਵਿਸ ਅਤੇ ਮੂਰ ਦਾ ਕਾਰਜਾਤਮਕ ਸਿਧਾਂਤ

ਸਮਾਜਕ ਸਤਰੀਕਰਨ ਦਾ ਪ੍ਰਸਿੱਧ ਕਾਰਜਾਤਮਕ ਸਿਧਾਂਤ ਅਮਰੀਕਨ ਸਮਾਜ ਵਿਗਿਆਨੀਆਂ ਡੇਵਿਸ ਅਤੇ ਮੂਰ ਨੇ ਆਪਣੇ ਲੇਖ 'ਕੁਝ ਸਤਰੀਕਰਣ ਦੇ ਸਿਧਾਂਤ' (Some Principles of Stratificaton) ਵਿੱਚ ਪੇਸ਼ ਕੀਤਾ। ਉਹਨਾਂ ਦਾ ਕਹਿਣਾ ਹੈ ਕਿ ਸਭ ਸਮਾਜਾਂ ਵਿਚ ਸਤਰੀਕਰਣ ਪਾਇਆ ਜਾਂਦਾ ਹੈ ਤੇ ਇਹ ਉੱਚ ਤੇ ਨਿਮਨ ਵਰਗਾਂ ਵਿਚ ਦਿਖਾਈ ਦਿੰਦਾ ਹੈ। ਸਮਾਜਕ ਅਸਮਾਨਤਾ ਜੋ ਕਿ ਸਾਰੇ ਸਮਾਜਾਂ ਵਿਚ ਪਾਈ ਜਾਂਦੀ ਹੈ ਦੇ ਆਧਾਰ ਤੇ ਉਹਨਾਂ ਦਾ ਕਹਿਣਾ ਹੈ ਕਿ ਸਤਰੀਕਰਨ ਸਮਾਜ ਦੀ ਇਕ ਕਾਰਜਾਤਮਕ ਜਰੂਰਤ (Functional necessity) ਹੈ। ਅਤੇ ਇਨਾਂ ਉੱਚੇ ਤੇ ਨੀਵੇਂ ਵਰਗਾਂ ਵਿਚ ਵੰਡੇ ਹੋਣ ਕਾਰਣ ਹੀ ਸਮਾਜ ਦੀਆਂ ਜਰੂਰਤਾਂ ਪੂਰੀਆਂ ਹੁੰਦੀਆਂ ਹਨ।

eyes - åIz

**aI** in **Ice** is shorter than **aI** in eyes.

In the case of lenis fricatives you have to remember that in initial and final positions there is very little or no voicing. But when the lenis fricatives **v, ð, z,** ¥**,** occur between voiced sound, they may be voiced.

Dear Student,

Before I move on to discuss next category of sounds which are labelled as Affricates I shall introduce you to two more variations of the glottal fricative sound **h.** These two variations have phonetic symbols **w** and M.

Take the example of words : **wh**ich, **wh**y, **wh**ip, **who**le. All these words begin with 'wh'. Now these words which begin with 'wh' have two variations of articulation. BBC speakers pronounce the initial sound of these words as we pronounce the sound **w.** But there are others who pronounce the initial sound as a **voiceless fricative** but the lip, tongue and the jaw position is the same as for the sound **w.** So this means in one case **w** sound can be made voiced.

Look at the following pair of words :

| | | | |
|---|---|---|---|
| witch | wi**ts** | which | ʍitʃ |
| wail | weil | whale | ʍel |
| wye | wa**i** | why | ʍai |
| wear | weE | where | ʍeE |

Now, what do we see from this example? We observe that when the sound **w** is substituted by ʍ, it becomes a different word with a different meaning.

Does it mean that ʍ is a different phoneme? However, majority of specialists on this subject argue that the sound ʍ is not a separate phoneme but a different realisation of **w** which may be said to combine **h.** So **m** as it occurs in **which** is a realisation of a sequence of two phonemes **h** and **w**.

However, there are others who argue that there is no theoretical justification in treating voiceless fricative **w** as a combination of **h** and **w**.

Even Peter Roach **argues,** "whether the question of this sound is approached phonetically or phonologically there is no **h** sound in the "voiceless ".

Now, let me explain one more sound. Look at the following words :

**huge, human, hue.** Each of these words has a letter h. And the phoneme **h** is, we know a glottal fricative. But when we pronounce **huge, human, huge,** we observe that in these words **h** is not pronounced as a glottal fricative but as a voiceless palatal fricative. The phonetic symbol used for this sound **is ç.** Usually this sound is treated as a combination of h and j. Now j is a consonantal phoneme. It is the sound which can be found in the beginning of the word **yes, yet.** If we take **h** sound in **huge** as a combination of h+j, then it is the same case as h+w, which will mean that this is a separate phoneme, which will further mean that we have extra phonemes ʍ and **s.** But this is not a fact. The list of phonetic phonemes for English sounds do not list these two phonemes as two separate sounds. Even though **huge** is transcribed as h j u : d ¥, and which is substituted with **mits** or which is transcribed as **mits,** it is done so because it is a common practice and it is convenient also, the assumption being that a phonemic analysis does not necessarily have to be exactly in line with phonetic facts.

**Affricates : tʃ, d¥**

**tʃ, d¥-** the two affricates are **post alveolar phonemes**.

**tʃ** is fortis and is slightly aspirated in the positions where p + k are aspirated. When **tʃ** is final in the syllable like other fortis consonants it has the effect of shortening a preceding vowel.

**tʃ** is articulated with rounded lips.

**d¥** is lenis and the **voicing characteristics** are same as for other lenis

consonants. **d¥** is articulated like **tʃ** with rounded lips.

**Fortis Consonants :**

Dear student,

I have already explained in lesson No. 13 how the sounds are paired in terms of force of energy required in articulation. If a sound is articulated with stronger force the sound is known to be fortis and if it requires less muscular energy it is a lenis sound. Except glottal fricative **h** all other consonant pairs are distinguished according to the muscular energy required. There are few more points which need to be explained about fortis consonants. These are as follows :

**(i)** **Shortening of the preceding vowel :** In lesson No. 13, it was mentioned that in case of a syllable-where there is a fortis consonant in the final position, there is a shortening of a preceding vowel. The effect is most noticeable in the case of long vowels and diphthongs. The effect on short vowels also can be noticed but it is here very prominent.

Now, I am going to explain, how a syllable ending with 1, m, n, j is affected if it is followed by a fortis consonant. Take for example the words :

belt - **belt**
bump - **bžmp**
bent - **bent**
bank - **bæŋk**

Here in these words, we observe that the sound preceded is not a vowel but a consonant. But the effect **is the same as** on a vowel. **I m n n** are considerably shortened when followed by fortis consonant **t, p,k**.

Now see what happens when fortis consonants are found in the initial position e.g. take the words :

play - p1ei
tray - trei
quick - kwik

Now p, t, k are fortis consonants and in these words **p** is followed by **1**, **t** is followed by **r** and **k** is followed by **w.**

I told you in lesson no. 13 that when **p,t,k** are in the initial position in a syllable and then are followed by a vowel they are aspirated. This means that the beginning of a vowel is voiceless. Now we see what happens when **p t k** are followed by consonants such as **1,γ, j,w.1,γ, j, w** are voiced continuous continuant consonants. When fortis consonants **p t k** are followed by voiced continuant consonants **1, γ, j, w,** the result is the same. They lose their voicing.

In words **plei trei kwik, i, γ, w** are devoiced because they are followed by fortis consonants but in words like **lay, ray, wick** the sound **l, γ, w** are voiced.

Now, I am going to discuss the conditions in which the glottalisation of a consonant articulation takes place.

Now, we know that voiceless consonants are usually articulated with open glottis. However, in case of fricatives, it is always the case because air flow is essential for successful production. For examle try to articulate **f,θ, s,S.** In all these glottis is open, vocal folds are separated. But in case of voiceless plosives such as **p, t, k,** it is possible to produce the consonant with completely closed glottis. This means that there is a glottalisation of **p, t, k.** Similarly, **tʃ** which is a voiceless affricate can be produced with closed glottis. However, it has to be kept in mind that glottalisation takes place only in certain contexts. Whenever the glottalisation of a voiceless consonant occurs it is shown by the symbol**?**

Now let me give you some examples where the glottalisation takes place.

The most commonly found glottalisation is that of voiceless affricate **ts** when it occurs at the end of a stressed syllable. Study the following examples :

| | With glottalisation | Without glottalisation |
|---|---|---|
| nature | **nei?tsb** | **neitʃE** |
| catching | **kæ?tsiŋ** | **kætʃiŋ** |
| riches | **ri?tsiz** | **ritʃiz** |

In the case of voiceless plosives **p, t, k** this glottalisation is not very regular. However, if the plosive is followed by another consonant or a pause, glottalisation takes place. For example :

| | With glottalisation | Without glottalisation |
|---|---|---|
| actor | **æ?ktə** | **aektE** |
| petrol | **pe?trbl** | **petrEl** |
| mat | **mæ?t** | **mæt** |
| football | **fu?tb]:l** | **futb]:l** |

The student may keep in mind that this kind of pronunciation is more widely being used by BBC speakers.

**SUGGESTED QUESTIONS :**

Q. I. Transcribe the following words phonemically :

| | |
|---|---|
| (1) fishes | (5) achieves |
| (2) shaver | (6) others |
| (3) sixth | (7) measure |
| (4) these | (8) ahead |

Q. II. Describe the movements of articulators in the following words :

(1) fishes

(2) ahead.

**LESSON NO. 1.6** **WRITER : DR. KUMKUM BAJAJ**

**I. Nasals**
**II. The Consonant : I**
**III. The Consonant : r**
**IV. The Consonants : j and w**

Dear Student

In the previous lessons, you were told about the three groups of consonants known as **Plosives, Fricatives** and **Affricates.** The next group is that of **Nasals.** There are **three nasal sounds** in English language. These are **m, n.ŋ .** Besides these three nasal sounds there are four more sounds **I, r, j, w.** These four sounds can not be fitted into any of the groups mentioned. However these four sounds as well as the three nasal sounds are known as Continuants. One feature of continuant sounds is that there is no friction. One thing which **m,n, ŋ , l, r, j, w** have common is that while articulating these sounds there is no friction. Otherwise there is nothing common in these sounds and they are very different from each other.

## Nasals

Dear Student,

While discussing the functions various articulators perform in the articulation of sounds, you were told that the quality of a sound depends on the position of the soft palate. Soft palate can take different positions. It can be in a raised position. And when the soft palate is raised the air can not pass through the nose so the quality of sound produced would be **oral.** But in the second position the soft palate is lowered and the air passes through the nose then the sound produced is a **nasal** sound. In case of all other consonants and vowels the soft palate is raised. But in case of nasal consonants soft palate is lowered. So in the case of nasals air can not pass through the mouth. It is prevented by a complete closure in the mouth at some point. Try to make a sound **dndndndndndn** and prolong it for some time. There will be alveolar closure. Do not move your tongue and continue to produce **dndndn................**you can feel your soft palate moving up and down. Now let us discuss the three nasal sounds **m, n,** andŋ . In case of **m** the closure takes place between two lips. So **m** is a bilabial sound like **p** and **b.** In case of **n** the closure takes place between the blade of the tongue and the alveolar ridge. So **n** is an alveolar sound like **t** and **d.** In case of ŋ the tongue closes the palate. So ŋ is a velar sound like **k, g.** Out of the three nasal sounds **m** and **n** are simple, however ŋ is unusual in its phonological aspects and

creates lots of problems for foreign learners. At times it has been argued that ŋ is not one of the phonemes of English at all.

ŋ

I have already told you that like **k** and **g,** ŋ is a velar sound. ŋ has unusual phonological aspects. Let us look at these unusual aspects :

1. ŋ like ¥ never occurs in an initial position.
2. Take the example of the following set of words :

| | |
|---|---|
| **finger** | **fiŋ gə** |
| **anger** | **æŋ gə** |

Now 'ng' in the medial position are pronounced as ŋg.

Now look at the following set

| | |
|---|---|
| **singer** | **siŋ ə** |
| **hanger** | **hæŋ ə** |

Here **ng** in the medial position is pronounced as ŋ only.

Similarly when there is nk in the medial position **k** is always pronounced.

Now what is the difference between,

| | | | |
|---|---|---|---|
| **finger** | **singer** | **fiŋgə** | **siŋ ə** |
| **anger** | **hanger** | **æŋgə** | **haŋ ə** |

The difference is in their morphological structure **singer** and **hanger** can be divided into two grammatical pieces **sing + er** and **hang +er.** So **sing** and **er** are two different morphemes. So is the case with hang + er. But **finger** and **anger** can not be divided into two pieces therefore these consist one morpheme each.

So it can be said that if ŋ occurs without a following **g** and

(i) if it occurs at the end of a morpheme.

(ii) if it occurs in middle of a morpheme.

(iii) if it has a following **g.**

Now let us examine the words ending orthographically with spellings **ng.** Take the example of words

| | | |
|---|---|---|
| **sing** | **-** | **siŋ** |
| **hang** | **-** | **haŋ** |
| **song** | **-** | **soŋ** |
| **bang** | **-** | **bæŋ** |
| **long** | **-** | **loŋ** |

In these words the final **g** is not pronounced. The rule is that **g** is not pronounced after ŋ at the end of a morpheme. It should be clear that end of a word is also the end of a morpheme.

But there are few exceptions to this rule.

Let us take an adjective as an example :

**long** - \ŋŋ

Similarly in **longish,** the pronunciation would be without a following

**g** - xŋŋiʃ

But in case of comparative and superlative degree adjective

**longer** - \ŋŋ**gə**

**longest** - \ŋŋ**gə st**

**g** following ŋ is pronounced.

Therefore, it can be said that the rule quoted above has some exception too.

Another unusual distribution of ŋ is to be found in the vowels which follow it. Remember that ŋ never occurs after a diphthong or a long vowel. Only **i, e, æ, ž, o** precede this consonant i.e. ŋ

Before I proceed to explain **l, r. j, w** let me explain a few more theoretical issues concerning the velar sound ŋ**.**

Some Phonological theorists argue that ŋ is an allophone of n. ŋ can not be considered a separate phoneme. It is argued that English has two contrasting phonemes **m** and **n**. But if we consider the following minimal pairs, the situation is different. Study these examples :

| | | |
|---|---|---|
| **Sin** | - | **sin** |
| **Sing** | - | **si**ŋ |
| **Sinner** | - | **sinE** |
| **Singer** | - | **si**ŋ**E** |

ŋ occurs as a distinct separate phoneme. Therefore the traditional phoneme theory accepts ŋ as a separate phoneme.

Yet it may be useful to keep in mind the arguments which are given against ŋ being treated as a separate phoneme.

1. The first argument relates to the BBC pronunciation and some of English accents. It can be seen that ŋ occurs as an allophone of ŋ.
2. It is also argued that if ŋ is taken as a separate phoneme, its distribution is very different from **m** and **n.** Because phonologically it is restricted to syllable-final position and morphologically it is restricted to morpheme final position unless it is followed by **k** or **g**.
3. English speakers who have had no phonetic training feel that ŋ is not a 'single sound' like **m** and **n**. The fact though can not be established yet it can not be overlooked.

In midland accents ŋ is only found in front of **k** and **g** i.e.

| | | |
|---|---|---|
| **sink** | - | **si**ŋ**k** |
| **singer** | - | **si**ŋ**gə** |
| **sing** | - | **si**ŋ**g** |

**singing** - **siŋiŋ**

So it follows that in the case of accent like this, i.e. can be shown that within the morpheme, the only nasal that occurs before **k** and **g** is ŋ. Neither **m** or **n** can occur in this environment. So within the morpheme, ŋ is in complementary distribution with **m** and **n.** Since **m** and **n** are already established as distinct English phonemes ŋ must be an allophone of **m** or **n.**

Now study the following examples to observe another exception :

1. When a morpheme final **n** is followed by a morpheme initial **k** or **g** it becomes ŋ. But when a morpheme final **m** is followed by morpheme initial **k** or **g,** it does not become ŋ e.g.

**rain-coat** - **reiŋkəut**

**tram-car** - **træmka:**

But if we accept the fact that ŋ is not a separate phoneme, then rain-coat should be phonemically transcribed as **reinkəut,** sing should be **sing** and singer should be **singə** and singing should be **siŋiŋ** or else we will have to accept one rule that **n** is realised as ŋ when it occurs in an environment in which it precedes either **k** or **g.**

Now let us look at BBC pronunciations. The difference between **singer : siŋə** and finger : **fiŋgə** is that **finger** is a simple indivisible morpheme where as **singer** is composed of two morphemes sing+er. When ŋ occurs without a following **k** or **g**, it is always immediately before a morpheme boundary. Consequently the sound ŋ and the sequence **ŋg** are in complementary distribution. But within the morpheme there is no contrast between the sequence **ŋg** and the sequence **ng.** So we can say that ŋ is also in complementary distribution with the sequence **ng.**

The arguments given by the contemporary phonological theorists can be summed up like :

1. English has only two nasal phonemes i.e. **m** and **n**.
2. The sound ŋ is an allophone of **n.**
3. The following words should be **phonemically** represented as finger: **fingə,** singer : **singə**, sing : **sing,** singing : **siŋiŋ**
4. But the Phonetic representation can be **fiŋgə, siŋg, siŋgə, siŋiŋ**.

Another rule applied is that **g** is deleted when it occurs after ŋ and before a morpheme boundary so the phonetic forms for the words will be :

**sing** : **siŋ**

**singing** : **siŋiŋ**

**singer** : **siŋə**

But **finger** will be phonemically transcribed as **finger : fiŋgə**

One also has to keep in mind the exceptions in case of comparatives and superlatives.

**l** is a lateral consonant. It is a sound of **complete closure**. The closure takes place between the centre of the tongue and the **alveolar** ridge. The air escapes through the sides of the tongue. Try to produce **dl dl dl dl dl** without moving the middle of the tongue. The movement **of the sides** of the tongue can be felt. This movement is necessary for the production of a **lateral** sound.

**l** occurs in all the three positions i.e. initial, medial and final.

In the BBC realisation of the sound, one can notice that **l** as it occurs before the vowel sounds is different then as it occurs before the consonantal sounds. For example:

**Lea : li:**

**eel : i:l**

The sound **l** in i : **l** is known as the **dark l.** Dark **l** has a back vowel resonance — a quality similar to a [**u**] vowel. In this realisation back of the tongue is raised. The dark **l** also occurs when it precedes a consonant as in **eels : i:lz.**

The sound **l** in **li:** is known as clear **l.** It has a front vowel resonance. The front of the tongue is raised as in [**i**] vowel.

Clear or dark **l** occur in the following contexts :

Clear **l** will never occur before consonants or before a pause.

It occurs only before vowels. Dark **l** never occurs before vowels. So it can be said that clear **l** and dark **l** are the allphones of the phoneme **l** in complementary distribution. Another allophonic variation of **l** is found when it follows **p** or **k** at the beginning of the stressed syllable. Then **l** is devoiced i.e. produced without voicing found in most realisations of this phoneme.

**r**

**r** has a variety of articulation and distribution. The sound is articulated and distributed differently in different accents. One variety of pronunciation which is usually recommended is as a **Post-alveolar approximant**. It is difficult to describe an approximant but for the purposes of convenience it can be said that in the articulation of an **approximant** the articulators come close to each other but do not come close to an extent as to form a complete closure as it takes in the case of plosives, fricatives and nasals. The articulators are in some positional relationship with each other. From this angle, a vowel sound could also be described as an approximant but the term **approximant** is used only to describe the consonants.

In the realisation of **r,** the tip of the tongue approaches the alveolar area in a manner it touches for the articulation of **t** and **d,** but it never actually makes contact with any part of the roof of the mouth. Try to make a long **r** sound, you can feel that no part of the tongue is in contact with the roof of the mouth at any time. The tongue is infact usually slightly curled backwards with the tip raised. Consonants with this tongue shape are usually called **Retroflex.** Try to produce **dr dr dr dr dr** you can feel that in

case of **r** the tip of the tongue is raised and is curled back. In case of d it does not happen like this. However in case of **r** the 'curling back process usually carries the tip of the tongue to a position slightly further back in the mouth than for the alveolar consonants **t** and **d,** that is why **r̲** is known as a post-alveolar sound.

Student must note another variation of **r** also. If **r** is found at the beginning of a syllable which is preceded by p t k, e.g. **press, tress, cress** the sound then is voiceless and slightly fricative.

So far as the degree of lip rounding is concerned in case of **r,** one has to keep in mind that while articulating **r** lips have to be rounded but not to an extent that **r** becomes **w.**

**r** occurs before vowels only. Hence r in

| | | |
|---|---|---|
| red | - | **red** |
| arrive | - | **raiv** |
| hearing | - | **hi riŋ** |

is to be pronounced. But when **r** occurs in

| | | |
|---|---|---|
| car | - | **ka:** |
| ever | - | **evb** |
| here | - | **hib** |
| | or | **ə** |

when it occurs in

| | | |
|---|---|---|
| hard | - | **ha:d** |
| verse | - | **v¥:s** |
| cares | - | **ke z** |

**r** is not to be produced in BBC pronunciation. This pronunciation of **r** is known as **non-rhotic** accent. But the accents which have **r** in the final position (before a pause) and before a consonant are called **rhotic** accents. Many in America, Scotland and West of England have rhotic accent :

## j and w

j as in **yet**

w as in **wet**

**j** is a palatal consonant and **w** is a bilabial consonant. These two sounds are **Approximants** — phonetically they are like vowels but phonologically they are like consonants. They are also known as **Semi-vowels.**

From the phonetic point of view **j** is similar to front close vowel **i:.** However **j** is very short.

**w** is similar to back close vowel **u.** Despite this vowel like characteristic, **j** and **w** are used like consonants. They only occur before vowel phonemes. This is typically

consonantal distribution. Indefinite article **a** is used before them as is the case in other consonants. **The** definite article is pronounced as **ðə** as it is used in all other consonants. So even though they have phonetically vowel like qualities but phonologically they have consonant like distribution.

The student must keep in mind that when **j** and **w** are preceded by **p t k** at the beginning of a syllable they are devoiced and slightly fricative. Look at the following words by way of example :

| | | |
|---|---|---|
| pure | - | **pjuə** |
| tune | - | **tju:n** |
| queue | - | **kju:** |
| twin | - | **twin** |
| quit | - | **kwit** |

There are no words which begin with **pw.** It is usual to place consonants on a chart in relation to place of articulation and manner of articulation. Look at the chart. The different places of articulation are arranged from left to right and the manner of articulation are arranged from top to bottom. When there is a pair of phonemes with the same place and manner of articulation but differing in whether they are **fortis** or **Lenis** (Voiceless or Voiced), the **Fortis** consonant is placed on the left and the **Lenis** is placed on the right.

**Table 1:** ***Chart of English Consonant Phonemes***

| | **Place of articulation** | | | | | | | |
|---|---|---|---|---|---|---|---|---|
| **Manner of Articulation** | Bilabial | Labiodental | Dental | Alveolar | Palato-alveolar (Post-alveolar) | Palatal | Velar | Glottal |
| Plosive | **p b** | | | **t d** | | | **k g** | |
| Fricative | | **f v** | **θ ð** | **s z** | **S ʒ** | | **h** | |
| Affricate | | | | | **t dʒ** | | | |
| Nasal | **m** | | | **n** | | | **ŋ** | |
| Lateral | | | | **l** | | | | |
| Approximant | **w** | | | | **r** | **j** | | |

**ਪਾਠ ਨੰਬਰ : 1.7** **ਲੇਖਿਕਾ : ਡਾ. ਹਰਿੰਦਰ ਕੌਰ**

# ਜਾਤ ਅਤੇ ਵਰਗ

## ਰੂਪ ਰੇਖਾ

7.0 ਉਦੇਸ਼
7.1 ਜਾਣ ਪਛਾਣ
7.2 ਜਾਤ ਦਾ ਅਰਥ ਅਤੇ ਵਿਸ਼ੇਸ਼ਤਾਈਆਂ
7.3 ਵਰਗ ਦਾ ਅਰਥ ਤੇ ਵਿਸ਼ੇਸ਼ਤਾਈਆਂ
7.4 ਜਾਤ ਅਤੇ ਵਰਗ ਵਿਚ ਅੰਤਰ
    7.4.1 ਮੈਂਬਰਸ਼ਿੱਪ
    7.4.2 ਅੰਤਰ ਵਿਆਹ ਤੇ ਬਾਹਰੀ ਵਿਆਹ
    7.4.3 ਨਿਸ਼ਚਿਤ ਕਿੱਤਾ
    7.4.4 ਸਮਾਜਿਕ ਬੰਦਿਸ਼ਾਂ
    7.4.5 ਆਰਥਿਕ ਬੰਦਿਸ਼ਾਂ
    7.4.6 ਪ੍ਰਦੱਤ/ਅਰਜਿਤ
    7.4.6 ਵਿਅਕਤੀਵਾਦਤਾ
    7.4.8 ਪ੍ਰਤੀਯੋਗਤਾ
    7.4.9 ਤਰਕਸ਼ੀਲਤਾ
    7.4.10 ਧਰਮ ਦੀ ਅਹਿਮੀਅਤ
    7.4.11 ਸੱਤਾ
    7.4.12 ਸਿੱਖਿਆ
    7.4.13 ਬੰਦ ਸਮੂਹ ਤੇ ਖੁੱਲ੍ਹਾ ਸਮੂਹ
    7.4.14 ਗਤੀਸ਼ੀਲਤਾ
7.5 ਸਾਰ
7.6 ਮੁੱਖ਼ ਸ਼ਬਦ
7.7 ਅਭਿਆਸ ਲਈ ਪ੍ਰਸ਼ਨ
7.8 ਉਪਯੋਗੀ ਪੁਸਤਕਾਂ

## 7.0 ਉਦੇਸ਼

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ ਯੋਗ ਹੋਵੇਗਾ ਕਿ

* ਜਾਤ ਦਾ ਅਰਥ ਦਸ ਸਕੇ ਅਤੇ ਇਸ ਦੀਆਂ ਵਿਸ਼ੇਸ਼ਤਾਈਆਂ ਤੇ ਚਾਨਣਾ ਪਾ ਸਕੇ।
* ਵਰਗ ਨੂੰ ਬਿਆਨ ਕਰ ਸਕੇ ਅਤੇ ਇਸ ਦੀਆਂ ਵਿਸ਼ੇਸ਼ਤਾਈਆਂ ਦਸ ਸਕੇ।
* ਜਾਤ ਅਤੇ ਵਰਗ ਵਿਚ ਅੰਤਰ ਕਰ ਸਕੇ।

## 7.1 ਜਾਣ ਪਛਾਣ

ਅਸੀਂ ਪਿਛਲੇ ਪਾਠਾਂ ਵਿਚ ਪੜ੍ਹ ਆਏ ਹਾਂ ਕਿ ਜਾਤ ਅਤੇ ਵਰਗ ਸਮਾਜਾਂ ਨੂੰ ਵੱਖ ਵੱਖ ਭਾਗਾਂ ਵਿਚ ਵੰਡਦੇ ਹਨ। ਜਦੋਂ ਤੋਂ ਸਮਾਜ ਹੋਂਦ ਵਿਚ ਆਏ ਹਨ ਉਸ ਸਮੇਂ ਤੋਂ ਹੀ ਸਮਾਜ ਵਿਚ ਸਤਰੀਕਰਣ ਦੀ ਪ੍ਰਕ੍ਰਿਆ ਸ਼ੁਰੂ ਹੋ ਗਈ ਸੀ। ਭਾਵੇਂ ਇਹ ਸਮਾਜ ਸਧਾਰਨ ਸੀ ਪਰੰਤੂ ਉਮਰ, ਲਿੰਗ ਅਤੇ ਸਾਕਾਦਾਰੀ ਨੇ ਇਸ ਨੂੰ ਵੱਖ ਵੱਖ ਹਿੱਸਿਆਂ ਚ ਵੰਡਿਆਂ ਹੋਇਆ ਸੀ। ਜਿਉਂ ਜਿਉਂ ਸਮਾਜ ਸਧਾਰਨ ਤੋਂ ਜਟਿਲਤਾ ਵੱਲ ਵਧੇ, ਇਹ ਵੰਡ ਵੀ ਜਟਿਲ ਹੁੰਦੀ ਗਈ ਅਨੇਕਾਂ ਪ੍ਰਕਾਰ ਦੇ ਵਰਗ ਅਤੇ ਜਾਤਾਂ ਉਤਪੰਨ ਹੋ ਗਈਆਂ ਜਿਹਨਾਂ ਨੇ ਸਮਾਜਿਕ ਵਿਸਥਾਰ ਦੀ ਸਥਾਈ ਵੰਡ ਕੀਤੀ। ਇਹਨਾਂ ਨੇ ਵਿਅਕਤੀ ਅਤੇ ਸਮੂਹਾਂ ਦੀ ਇਕ ਪਦਕ੍ਰਮ ਵਿਚ ਸਫ਼ਬੰਦੀ

ਕਰ ਦਿੱਤੀ। ਕੋਈ ਅਮੀਰ ਅਤੇ ਕੋਈ ਗ਼ਰੀਬ, ਕੋਈ ਉੱਚਾ ਤੇ ਕੋਈ ਨੀਵਾਂ ਕੋਈ ਮਾਲਕ ਤੇ ਕੋਈ ਕਾਮਾ ਆਦਿ।ਇਹ ਵੰਡ ਇਨ੍ਹਾਂ ਵੱਖ ਵੱਖ ਸਮੂੰਹਾਂ ਵਿਚ ਉਤਮੱਤਾ ਅਤੇ ਅਧੀਨਗੀ ਦਾ ਸੰਬੰਧ ਸਥਾਪਿਤ ਕਰਦੀ ਹੈ ਅਤੇ ਅੱਗੇ ਜਾਕੇ ਲੋਕਾਂ ਵਿਚ ਪ੍ਰਤੀਯੋਗਤਾ ਨੂੰ ਵਧਾਉਂਦੀ ਹੈ। ਅੱਜ੍ਹਕਲ ਦੇ ਆਧੁਨਿਕ ਸਮਾਜਾਂ ਵਿਚ ਇਸ ਵੰਡ ਦੇ ਕਾਰਣ ਵੱਖ ਵੱਖ ਹੋ ਸਕਦੇ ਹਨ ਭਾਵੇਂ ਉਹ ਸਮਾਜਿਕ ਹੋਣ, ਆਰਥਿਕ, ਰਾਜਨੈਤਿਕ ਜਾਂ ਧਾਰਮਿਕ ਪਰ ਹਰਕੇ ਸਮਾਜ ਵਿਚ ਇਕ ਜਾ ਦੂਜੇ ਕਿਸਮ ਦੀ ਵੰਡ ਲਾਜ਼ਮੀ ਹੈ। ਕਿਉਂਕਿ ਇਸ ਪਾਠ ਵਿਚ ਅਸੀਂ ਜਾਤ ਅਤੇ ਵਰਗ ਦੇ ਅੰਤਰ ਨੂੰ ਜਾਣਨ ਦੀ ਕੋਸ਼ਿਸ਼ ਕਰਾਂਗੇ, ਇਸ ਲਈ ਜ਼ਰੂਰੀ ਹੈ ਕਿ ਪਹਿਲਾਂ ਇਹਨਾਂ ਦੋਵਾਂ ਸੰਕਲਪਾਂ ਤੇ ਝਾਤ ਮਾਰ ਲਈਏ।

## 7.2 ਜਾਤ ਦਾ ਅਰਥ ਤੇ ਵਿਸ਼ੇਸ਼ਤਾਈਆਂ

ਜਿਵੇਂ ਤੁਸੀਂ ਪਹਿਲਾਂ ਵੀ ਪੜ੍ਹ ਆਏ ਹੋ ਕਿ ਜਾਤ ਇਕ ਬਹੁਤ 'ਹੀ ਕਰੜਾ ਪ੍ਰਬੰਧ ਹੈ, ਜਿਸ ਵਿਚ ਆਦਮੀ ਦਾ ਸਮਾਜ ਵਿਚ ਸਥਾਨ ਉਸਦੇ ਜਨਮ ਦੇ ਨਾਲ ਹੀ ਨਿਰਧਾਰਿਤ ਹੋ ਜਾਂਦਾ ਹੈ। ਭਾਰਤ ਵੱਖ ਵੱਖ ਜਾਤਾਂ ਅਤੇ ਧਰਮਾਂ ਦਾ ਦੇਸ਼ ਹੈ। ਇਥੇ ਜਾਤ ਵਰਣ-ਵੰਡ ਅਧਾਰਿਤ ਹੈ। ਵਰਣ-ਵੰਡ ਮੁੱਖ ਚਾਰ ਸ਼੍ਰੇਣੀਆਂ ਵਿਚ ਕੀਤੀ ਗਈ ਹੈ-ਉਹ ਹਨ ਬ੍ਰਹਾਮਣ, ਕਸ਼ਤਰੀ, ਵੈਸ਼ ਅਤੇ ਸ਼ੂਦਰ। ਇਹਨਾਂ ਚਾਰ ਵਰਣਾ ਨਾਲ ਹੀ ਜਾਤਾਂ ਜੁੜੀਆਂ ਹੋਈਆਂ ਹਨ। ਇਸੇ ਕਰਕੇ ਇਸ ਜਾਤ ਪ੍ਰਣਾਲੀ ਦੀ ਵਿਵਸਥਾ ਨੂੰ ਬੜੀ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ। ਜੇਕਰ ਕੋਈ ਵਿਦੇਸ਼ੀ ਭਾਰਤ ਵਿਚ ਆਉਂਦਾ ਹੈ ਤਾਂ ਉਹ ਬਹੁਤ ਜਲਦੀ ਹੀ ਭਾਰਤੀ ਜਾਤ ਪ੍ਰਣਾਲੀ ਨੂੰ ਸਮਝ ਲੈਂਦਾ ਹੈ ਕਿਉਂਕਿ ਇਸਦੇ ਨਿਯਮਾਂ ਨੂੰ ਸਮਝਣਾ ਬਹੁਤ ਅਸਾਨ ਹੈ ਜਿਵੇਂ ਕਿਸੇ ਵੀ ਜਾਤ ਵਿਚ ਕਿੱਤਾ ਜਾਂ ਪੇਸ਼ਾਂ ਨਿਸ਼ਚਿਤ ਹੁੰਦਾ ਹੈ। ਜਾਤ ਤੋਂ ਬਾਹਰ ਵਿਆਹ ਕਰਵਾਉਣ ਦੀ ਪਾਬੰਦੀ ਹੁੰਦੀ ਹੈ।

ਆਪਣੀ ਜਾਤ ਤੋਂ ਬਾਹਰ ਵਾਲੇ ਲੋਕਾਂ ਨਾਲ ਖਾਣ-ਪੀਣ ਦੀ ਵੀ ਮਨਾਹੀ ਹੁੰਦੀ ਹੈ। ਜਾਤ ਪ੍ਰਬੰਧ ਵਿਚ ਸਮਾਜਿਕ ਗਤੀਸ਼ੀਲਤਾ ਦੀ ਵੀ ਘਾਟ ਹੁੰਦੀ ਹੈ। ਆਓ ਜਾਤ ਦੀਆਂ ਪ੍ਰਮੁੱਖ ਵਿਸ਼ੇਸ਼ਤਾਈਆਂ ਤੇ ਝਾਤ ਮਾਰੀਏ।

(i) ਸਮਾਜ ਦੀ ਵੰਡ

(ii) ਵਿਰਾਸਤ

(iii) ਪਦਵੀ ਤਰਤੀਬ

(iv) ਅੰਤਰ-ਵਿਆਹ

(v) ਵਿਰਾਸਤੀ ਕਿੱਤਾ

(vi) ਬੰਦਿਸ਼ਾਂ : ਖਾਣ-ਪੀਣ, ਸਮਾਜਿਕ ਮਿਲਵਰਤਨ ਆਦਿ

(vii) ਸੱਤਾ

ਉਪਰੋਕਤ ਵਿਸ਼ੇਸ਼ਤਾਵਾਂ ਦਾ ਜੇਕਰ ਅਧਿਐਨ ਕਰੀਏ ਤਾਂ ਇਹ ਸਿੱਟਾ ਨਿਕਲਦਾ ਹੈ ਕਿ ਜਾਤ ਪ੍ਰਣਾਲੀ ਨੇ ਸਾਡੇ ਸਮਾਜ ਨੂੰ ਵੱਖ ਵੱਖ ਹਿੱਸਿਆ ਵਿਚ ਵੰਡਿਆ ਹੋਇਆ ਹੈ। ਜਾਤ ਹਰੇਕ ਵਿਅਕਤੀ ਨੂੰ ਵਿਰਸੇ ਵਿਚ ਮਿਲਦੀ ਹੈ। ਜਿਸ ਜਾਤ ਵਿਚ ਉਹ ਜਨਮ ਲੈਂਦਾ ਹੈ, ਉਮਰ ਭਰ ਉਸੇ ਦਾ ਮੈਂਬਰ ਰਹਿੰਦਾ ਹੈ, ਉਹ ਆਪਣੀ ਮਰਜ਼ੀ ਨਾਲ ਜਾਤ ਨੂੰ ਬਦਲ ਨਹੀਂ ਸਕਦਾ। ਇਹ ਜਾਤ ਪ੍ਰਬੰਧ ਵਿਅਕਤੀਆਂ ਨੂੰ ਪਦਬੀ ਤਰਤੀਬ ਦਿੰਦਾ ਹੈ, ਜਿਸ ਵਿਚ ਬ੍ਰਾਹਮਣਾਂ ਨੂੰ ਸਭ ਤੋਂ ਉੱਚਾ ਦਰਜਾ ਭਾਵ ਉਪਰਲੇ ਟੰਬੇ ਤੇ ਰੱਖਿਆ ਜਾਂਦਾ ਹੈ, ਫਿਰ ਕਸ਼ਤਰੀ ਵੈਸ਼ ਆਦਿ ਅਤੇ ਸ਼ੂਦਰ ਨੂੰ ਸਮਾਜ ਵਿਚ ਬਿਲਕੁਲ ਨੀਵਾਂ ਦਰਜਾ ਦਿੱਤਾ ਜਾਂਦਾ ਹੈ। ਕਿਸੇ ਵੀ ਜਾਤ ਵਿਵਸਥਾ ਵਿਚ ਜਾਤ ਤੇ ਬਾਹਰ ਵਿਆਹ ਕਰਨ ਦੀ ਇਜ਼ਾਜ਼ਤ ਨਹੀਂ ਅਤੇ ਨਾ ਹੀ ਉਹ ਆਪਣੀ ਮਰਜ਼ੀ ਨਾਲ ਕੋਈ ਕਿੱਤਾ ਅਪਣਾ ਸਕਦੇ ਹਨ। ਉਨ੍ਹਾਂ ਦਾ ਕਿੱਤਾ ਜਾਂ ਪੇਸ਼ਾ ਜੱਦੀ ਹੁੰਦਾ ਹੈ। ਹਰੇਕ ਜਾਤ ਦੇ ਆਪਣੇ ਕਾਇਦੇ -ਕਾਨੂੰਨ ਅਤੇ ਨਿਯਮ ਹੁੰਦੇ ਹਨ ਜੋ ਮੈਂਬਰਾਂ ਤੇ ਕੁਝ ਬੰਦਿਸ਼ਾਂ ਲਾਉਂਦੇ ਕਿ ਕਿਸ ਜਾਤ ਨਾਲ ਖਾਣ-ਪੀਣ ਤੇ ਮਿਲਵਰਤਣ ਕਰਨਾ ਹੈ ਅਤੇ ਕਿਸ ਨਾਲ ਨਹੀਂ। ਸੱਤਾ ਜਾਤ ਪੰਚਾਇਤਾਂ ਦੇ ਹੱਥ ਵਿਚ ਹੁੰਦੀ ਹੈ ਅਤੇ ਉਹ ਉਸ ਜਾਤ ਬਰਾਦਰੀ ਤੋਂ ਇਕ ਖਾਸ ਕਿਸਮ ਦੇ ਵਿਵਹਾਰ ਦੀ ਉਮੀਦ ਕਰਦੀਆਂ ਹਨ। ਜੇਕਰ ਕੋਈ ਵਿਅਕਤੀ ਇਨ੍ਹਾਂ ਦੀ ਉਲੰਘਣਾ ਕਰਦਾ ਹੈ ਤਾਂ ਜਾਤ ਪੰਚਾਇਤਾਂ ਹੀ ਇਸਦਾ ਜੁਰਮਾਨਾ ਜਾਂ ਸਜ਼ਾ ਤੈਅ ਕਰਦੀਆਂ ਹਨ।

## 7.3 ਵਰਗ ਦਾ ਅਰਥ ਤੇ ਵਿਸ਼ੇਸ਼ਤਾਈਆਂ

ਸਮਾਜਿਕ ਵਰਗ ਅਜਿਹੇ ਵਿਅਕਤੀਆਂ ਦਾ ਸਮੂਹ ਹੈ ਜਿਨ੍ਹਾਂ ਦਾ ਸਮਾਜ ਵਿਚ ਇਕ ਖਾਸ ਰੁਤੱਬਾ ਜਾਂ ਸਥਿਤੀ ਹੁੰਦੀ ਹੈ ਜਿਸ ਦੁਆਰਾ ਉਨ੍ਹਾਂ ਦਾ ਬਾਕੀ ਸਮੂਹਾਂ ਨਾਲ ਸੰਬੰਧ ਸਥਾਪਿਤ ਹੁੰਦਾ ਹੈ। ਸਮਾਜਿਕ ਕ੍ਰਮ ਵਿਚ ਸ਼੍ਰੇਣੀ ਦੀ ਪਰਸਪਰ ਸਥਿਤੀ ਉਸਦੇ ਰੁੱਤਬੇ ਨਾਲ ਜੁੜੀ ਪ੍ਰਤਿਸ਼ਠਤਾ ਦੀ ਮਾਤਰਾ ਤੋਂ ਉਤਪੰਨ ਹੁੰਦੀ ਹੈ। ਦੂਜੇ ਪਾਸੇ ਵਰਗ ਦੀ ਸ਼ੋਹਰਤ ਅਤੇ ਉਸ ਤੋਂ ਪ੍ਰਾਪਤ ਕੀਤਾ ਰੁੱਤਬਾ ਸਾਡੇ ਮੁਲਾਂਅੰਕਣ ਤੇ ਨਿਰਭਰ ਕਰਦਾ ਹੈ ਕਿਉਂਕਿ ਉਸ ਸਮਾਜ ਵਿਚ ਪ੍ਰਚਲਤ ਕਦਰਾਂ-ਕੀਮਤਾਂ ਦੇ ਦਰਜੇ ਅਨੁਸਾਰ ਕੁਝ ਵਿਸ਼ੇ ਸ਼ਤਾਈਆਂ ਨੂੰ ਅਸੀਂ ਵੱਧ ਕਦਰਯੋਗ ਸਮਝਦੇ ਹਾਂ ਅਤੇ ਕੁੱਝ ਨੂੰ ਘੱਟ। ਜਾਤ ਦੀ ਤਰ੍ਹਾਂ

ਵਰਗ ਦੀਆਂ ਵੀ ਆਪਣੀਆਂ ਵਿਸ਼ੇਸ਼ਤਾਈਆਂ ਹੁੰਦੀਆਂ ਹਨ ਜਿਨ੍ਹਾਂ ਕਰਕੇ ਕਿਸੇ ਵਰਗ ਦੀ ਖਾਸ ਪਹਿਚਾਣ ਬਣਦੀ ਹੈ ਅਤੇ ਇਨ੍ਹਾਂ ਵਿਸ਼ੇਸ਼ਤਾਈਆਂ ਦੇ ਆਧਾਰ ਤੇ ਹੀ ਅਸੀਂ ਕਿਸੇ ਵਰਗ 'ਦਾ ਮੁਲਾਂਅੰਕਣ ਕਰਦੇ ਹਾਂ। ਪਰੰਤੂ ਹਰੇਕ ਸਮਾਜ ਵਿਚ ਹਰੇਕ ਸਮੇਂ ਇਹ ਵਿਸ਼ੇਸ਼ਤਾਈਆਂ ਵੱਖੋਂ ਵੱਖਰੀਆਂ ਹੁੰਦੀਆਂ ਹਨ ਕਿਉਂਕਿ ਸਮਾਂ ਪਾ ਕੇ ਇਹ ਬਦਲਦੀਆਂ ਰਹਿੰਦੀਆਂ ਹਨ। ਇਕ ਸ੍ਰੇਸ਼ਠ ਵਰਗ ਨੂੰ ਦੂਜੇ ਵਰਗ ਨਾਲੋਂ ਕੁਝ ਸੰਸਥਾਤਮਕ ਸੰਬੰਧਾਂ ਅਤੇ ਰਿਵਾਇਤੀ ਢੰਗਾਂ ਨਾਲ ਵੱਖਰਾ ਕੀਤਾ ਜਾ ਸਕਦਾ ਹੈ ਜਿਵੇਂ ਉਸ ਵਰਗ ਦਾ ਬੋਲਚਾਲ, ਖਾਣਾ -ਪਹਿਨਣਾ ਅਤੇ ਹੋਰ ਤੌਰ ਤਰੀਕੇ ਵੱਖਰੇ ਹੁੰਦੇ ਹਨ। ਇਹ ਸੋਭ ਚੀਜ਼ਾਂ ਉਸ ਵਰਗ ਲਈ ਬਹੁੱਤ ਮਹੱਤਵਪੂਰਨ ਹੁੰਦੀਆਂ ਹਨ ਅਤੇ ਕਿਸੇ ਦੂਜੇ ਵਰਗ ਦੀ ਦਖ਼ਲਅੰਦਾਜ਼ੀ ਉਨ੍ਹਾਂ ਤੇ ਬਰਦਾਸ਼ਤ ਨਹੀਂ ਹੁੰਦੀ। ਸ਼੍ਰੇਣੀ ਜਾਂ ਵਰਗ ਖੁਲ੍ਹੇ ਸਤਰੀਕਰਣ ਦਾ ਹਿੱਸਾ ਹਨ। ਵਰਗਾਂ ਦੀ ਸ਼੍ਰੇਣੀਬੱਧਤਾ ਉਦਯੋਗਿਕ ਕ੍ਰਾਂਤੀ ਦੇ ਨਾਲ ਹੋਂਦ ਵਿਚ ਆਈ। ਜਿਉਂ ਜਿਉਂ ਉਦਯੋਗੀਕਰਨ ਵੱਧਿਆ ਵਰਗਾਂ ਦੀ ਗਿਣਤੀ ਵੀ ਵੱਧਦੀ ਗਈ। ਆਧੁਨਿਕ ਸਮੇਂ ਵਿਚ ਵਰਗ ਵਿਵਸਥਾ ਵੀ ਸਮਾਜ ਜਿੰਨੀ ਹੀ ਜਟਿਲ ਹੋ ਗਈ ਹੈ। ਵੈਸੇ ਤਾਂ ਵਰਗ ਨਿਰਮਾਣ ਦਾ ਕੋਈ ਖਾਸ ਇਕ ਆਧਾਰ ਨਹੀਂ ਪਰੰਤੂ ਇਸ ਨੂੰ ਸਮਝਣ ਲਈ ਉਨ੍ਹਾਂ ਸਾਰੀਆਂ ਵਿਸ਼ੇਸ਼ਤਾਈਆਂ ਦਾ ਧਿਆਨ ਰੱਖਣਾ ਪੈਂਦਾ ਹੈ, ਜਿਨ੍ਹਾਂ ਨੂੰ ਆਧਾਰ ਮੰਨਦੇ ਹੋਏ ਕਿਸੇ ਵਿਅਕਤੀ ਨੂੰ ਇਕ ਖਾਸ ਵਰਗ ਦੀ ਮੈਂਬਰਸ਼ਿੱਪ ਹਾਸਿਲ ਹੁੰਦੀ ਹੈ। ਇਹ ਹਨ :

(i) ਧਨ ਜਾਂ ਸੰਪਤੀ

(ii) ਪਰਿਵਾਰ ਤੇ ਸਾਕਾਦਾਰੀ

(iii) ਪੇਸ਼ਾਂ ਜਾਂ ਕਿੱਤਾ

(iv) ਨਿਵਾਸ ਸਥਿਤੀ

(v) ਨਿਵਾਸ ਦੀ ਮਿਆਦ

(vi) ਸਿੱਖਿਆ

(vii) ਧਰਮ

ਉਪਰੋਕਤ ਆਧਾਰ ਤੇ ਅਸੀਂ ਵਰਗਾਂ ਦਾ ਨਿਰਮਾਣ ਕਰਦੇ ਹਾਂ। ਜਾਤ ਤਾਂ ਜਨਮ ਤੇ ਹੀ ਆਧਾਰਿਤ ਹੈ ਪਰੰਤੂ ਵਰਗ ਦੇ ਨਿਰਮਾਣ ਲਈ ਬਹੁੱਤ ਸਾਰੇ ਆਧਾਰ ਹੁੰਦੇ ਹਨ। ਜਿਸ ਵਿਅਕਤੀ ਕੋਲ ਇਹ ਆਧਾਰ ਕਿਸੇ ਵੀ ਮਾਤਰਾ ਵਿਚ ਵੱਧ ਹੈ ਤਾਂ ਉਹ ਉੱਚੇ ਵਰਗ, ਦਾ ਮੈਂਬਰ ਮੰਨਿਆ ਜਾਂਦਾ ਹੈ। ਹਰੇਕ ਵਰਗ ਦੀਆਂ ਕੁਝ ਪ੍ਰਮੁੱਖ ਵਿਸ਼ੇਸ਼ਤਾਈਆਂ ਹੁੰਦੀਆਂ ਹਨ। ਇਥੇ ਅਸੀਂ ਮੋਟੇ ਰੂਪ ਵਿਚ ਕੁਝ ਵਿਸ਼ੇਸ਼ਤਾਈਆਂ ਦਾ ਜ਼ਿਕਰ ਕਰ ਰਹੇ ਹਾਂ।

(ੳ) ਖੁਲ੍ਹੇ ਸਤਰੀਕਰਣ ਦਾ ਹਿੱਸਾ

(ਅ) ਵਿਅਕਤੀਵਾਦਤਾ

(ੲ) ਧਨ ਤੇ ਸੰਪਤੀ ਮੁੱਖ ਆਧਾਰ

(ਸ) ਕਿੱਤਾ ਨਿਸ਼ਚਿਤ ਨਹੀਂ

(ਹ) ਤਰਕਸ਼ੀਲਤਾ

(ਕ) ਮੈਂਬਰਸ਼ਿਪ ਜਨਮ ਤੇ ਆਧਾਰਿਤ ਨਹੀਂ

(ਖ) ਵਿਆਹ ਤੇ ਕੋਈ ਰੋਕ ਨਹੀਂ

(ਗ) ਪ੍ਰਤੀਯੋਗਤਾ

(ਘ) ਸ਼ਹਿਰੀਕਰਨ

ਜਾਤ ਅਤੇ ਵਰਗ ਦੀਆਂ ਇਨ੍ਹਾਂ ਵਿਸ਼ੇਸ਼ਤਾਈਆਂ ਨੂੰ ਆਧਾਰ ਮੰਨ ਕੇ ਹੀ ਅਸੀਂ ਇਨ੍ਹਾਂ ਦੋਵਾਂ ਵਿਚ ਅੰਤਰ ਜਾਣ ਸਕਦੇ ਹਾਂ। ਵੈਸੇ ਤਾਂ ਕੁਝ ਵਿਸ਼ੇਸ਼ਤਾਈਆਂ ਜਾਤ ਅਤੇ ਵਰਗ ਵਿਚ ਸਮਾਨ ਹੀ ਹਨ ਪਰੰਤੂ ਕੁਝ ਵਿਸ਼ੇਸ਼ਤਾਈਆਂ ਅਜਿਹੀਆਂ ਹਨ ਜੋਂ ਜਾਤ ਦਾ ਵਰਗ ਨਾਲੋਂ ਸਪਸ਼ਟ ਰੂਪ ਵਿਚ ਨਿਖੇੜਾ ਕਰਦੀਆਂ ਹਨ।

**ਆਪਣਾ ਗਿਆਨ ਪਰਖੋ।**

(ੳ) ਜਾਤ ਤੋਂ ਕੀ ਭਾਵ ਹੈ ?

..........................................................................................

..........................................................................................

..........................................................................................

(ਅ) ਵਰਗ ਕਿਸ ਨੂੰ ਆਖਦੇ ਹਨ ?

..........................................................................................

..........................................................................................

..........................................................................................

(ੲ) ਵਰਗੀਕਰਣ ਦੇ ਆਧਾਰ ਕਿਹੜੇ ਹਨ ?

..........................................................................................

..........................................................................................

..........................................................................................

(ਸ) ਸਤਰੀਕਰਣ ਕਿੰਨੇ ਕਿਸਮ ਦਾ ਹੁੰਦਾ ਹੈ ਤੇ ਕਿਹੜਾ ?

..................................................................................................

..................................................................................................

..................................................................................................

## 7.4 ਜਾਤ ਅਤੇ ਵਰਗ ਵਿਚ ਅੰਤਰ

ਪਿਛਲੇ ਪਾਠਾਂ ਵਿਚ ਖੁੱਲ੍ਹ ਕੇ ਬਿਆਨ ਕੀਤੇ ਜਾਤ ਅਤੇ ਵਰਗ ਦੇ ਸੰਕਲਪ ਤੋਂ ਅਤੇ ਉਪਰੋਕਤ ਚਰਚਾ ਦੇ ਆਧਾਰ ਤੇ ਅਸੀਂ ਇਨ੍ਹਾਂ ਦੋਵਾਂ ਵਿਚ ਹੇਠ ਲਿਖੀਆਂ ਕੁਝ ਭਿੰਨਤਾਵਾਂ ਬਿਆਨ ਕਰ ਸਕਦੇ ਹਾਂ :

### 7.4.1 ਮੈਂਬਰਸ਼ਿਪ

ਜਾਤ ਵਿਰਸੇ ਵਿਚ ਮਿਲਦੀ ਹੈ। ਜਿਸ ਜਾਤ ਵਿਚ ਵਿਅਕਤੀ ਪੈਦਾ ਹੁੰਦਾ ਹੈ ਸਾਰੀ ਉਮਰ ਉਸ ਦਾ ਹੀ ਮੈਂਬਰ ਰਹਿੰਦਾ ਹੈ। ਉਹ ਆਪਣੀ ਮਰਜ਼ੀ ਨਾਲ ਆਪਣੀ ਜਾਤ ਨਹੀਂ ਬਦਲ ਸਕਦਾ ਅਤੇ ਨਾ ਹੀ ਜਾਤ ਪ੍ਰਥਾਵਾਂ ਦਾ ਉਲੰਘਣ ਕਰ ਸਕਦਾ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਜਾਤ ਪ੍ਰਣਾਲੀ ਇਕ ਬੰਦ ਵਿਵਸਥਾ ਹੈ। ਇਹ ਸਮਾਜ ਦੀ ਭਿੰਨ ਭਿੰਨ ਹਿੱਸਿਆਂ ਵਿਚ ਵੰਡ ਤਾਂ ਕਰਦੀ ਹੈ ਪਰ ਸੁਭਾਅ ਵਜੋਂ ਬਹੁਤ ਹੀ ਕਠੋਰ ਹੈ ਇਸਦੀ ਮੈਂਬਰਸ਼ਿਪ ਵਿਅਕਤੀ ਆਪਣਾ ਆਪ ਨਹੀਂ ਲੈ ਸਕਦਾ। ਦੂਸਰੇ ਪਾਸੇ ਵਰਗ ਖੁੱਲ੍ਹੀ ਵਿਵਸਥਾ ਦਾ ਹਿੱਸਾ ਹੈ। ਇਸਦੀ ਮੈਂਬਰਸ਼ਿਪ ਅਕਸਰ ਜਨਮ ਤੇ ਆਧਾਰਿਤ ਨਹੀਂ ਹੁੰਦੀ। ਇਹ ਵਿਅਕਤੀ ਦੀਆਂ ਆਪਣੀਆਂ ਪ੍ਰਾਪਤੀਆਂ ਦਾ ਨਤੀਜਾ ਹੁੰਦਾ ਹੈ। ਬਹੁਤ ਥੋੜੇ ਵਰਗ ਹਨ ਜਿਵੇਂ ਰਾਜੇ-ਮਹਾਰਾਜਿਆਂ ਦਾ ਵਰਗ।ਵਿਅਕਤੀ ਆਪਣੀ ਯੋਗਤਾ ਦੇ ਆਧਾਰ ਤੇ ਇਕ ਸ਼ੇ੍ਣੀ ਤੇ ਵਰਗ ਨੂੰ ਛੱਡ ਕੇ ਦੂਸਰੀ ਉੱਚ ਸ਼੍ਰੇਣੀ ਦਾ ਮੈਂਬਰ ਬਣ ਸਕਦਾ ਹੈ ਅਤੇ ਕਈ ਵਾਰ ਉੱਚ ਵਰਗ ਦਾ ਵਿਅਕਤੀ ਆਪਣੀ ਧਨ-ਦੌਲਤ ਲੁੱਟਾ ਕੇ ਨੀਵੇਂ ਵਰਗ 'ਚ ਸ਼ਾਮਿਲ ਹੋ ਸਕਦਾ ਹੈ। ਸੋ ਇਹ ਇਕ ਪ੍ਰਮੁੱਖ ਅੰਤਰ ਹੈ ਜੋ ਵਰਗ ਅਤੇ ਜਾਤ ਵਿਚ ਪਾਇਆਂ ਜਾਂਦਾ ਹੈ ਭਾਵੇਂ ਇਹ ਦੋਵੇਂ ਸਮਾਜ ਨੂੰ ਵੱਖ ਵੱਖ ਹਿੱਸਿਆਂ ਵਿਚ ਵੰਡਦੇ ਹਨ। ਵਿਅਕਤੀਆਂ ਚ ਪਦਬੀ ਤਰਤੀਬ ਵੀ ਜਾਤ ਪ੍ਰਣਾਲੀ ਅਤੇ ਵਰਗ ਦੇ ਪ੍ਰਮੁੱਖ ਲੱਛਣਾ ਵਿਚੋਂ ਹੈ ਕਿਉਂਕਿ ਇਸ ਅਧੀਨ ਲੋਕ ਉਚਤਾ ਅਤੇ ਨੀਚਤਾ, ਅਮੀਰ ਤੇ ਗ਼ਰੀਬ ਦੇ ਵਰਗਾਂ ਵਿਚ ਵੰਡੇ ਜਾਂਦੇ ਹਨ, ਜਿਸ ਨਾਲ ਕਿਸੇ ਵਿਅਕਤੀ ਨੂੰ ਸਮਾਜ ਵਿਚ ਉੱਚੀ ਪਦਵੀ ਮਿਲਦੀ ਹੈ ਅਤੇ ਕਿਸੇ ਨੂੰ ਨੀਵੀਂ।

## 6.2 ਅੰਤਰ-ਵਿਆਹ ਤੇ ਬਾਹਰੀ ਵਿਆਹ

ਜਾਤ ਵਿਵਸਥਾ ਵਿਚ ਆਪਣੀ ਜਾਤੀ ਤੋਂ ਬਾਹਰ ਵਿਆਹ ਕਰਵਾਉਣ ਦੀ ਇਜ਼ਾਜ਼ਤ ਨਹੀਂ ਹੁੰਦੀ। ਜੇਕਰ ਕੋਈ ਇਸ ਤਰ੍ਹਾਂ ਕਰਦਾ ਹੈ ਤਾਂ ਉਸ ਨੂੰ ਜਾਤ-ਬਰਾਦਰੀ ਵਿਚੋਂ ਛੇਕ ਦਿੱਤਾ ਜਾਂਦਾ ਹੈ। ਬੇਸ਼ਕ ਜਾਤ ਪ੍ਰਣਾਲੀ ਵਿਚ ਵਿਆਹ ਸੰਬੰਧੀ ਹੁਣ ਕੁਝ ਢਿੱਲ ਦਿੱਤੀ ਗਈ ਹੈ। ਹੁਣ ਬਹੁਤ ਸਾਰੇ ਅੰਤਰ ਜਾਤੀ ਵਿਆਹ ਹੋਣ ਲਗ ਪਏ ਹਨ ਪਰੰਤੂ ਕਈ ਥਾਂਵਾਂ ਤੇ ਜਾਤ ਦੀ ਕਠੋਰਤਾ ਅਜੇ ਵੀ ਕਾਇਮ ਹੈ, ਜਿਵੇਂ ਪਿਛਲੇ ਕੁਝ ਅਰਸੇ ਵਿਚ ਹਰਿਆਣਾ ਦੀਆਂ ਜਾਤ

ਪੰਚਾਇਤਾਂ ਆਪਣੇ ਫੈਸਲੇ ਦਿੰਦੀਆਂ ਰਹੀਆਂ ਹਨ ਤੇ ਲੋਕਾਂ ਨੂੰ ਜਾਤ ਬਰਾਦਰੀ ਤੋਂ ਕੱਢਦੀਆਂ ਰਹੀਆਂ ਹਨ। ਇਸ

ਲਈ ਜਾਤ ਇਕ ਅੰਤਰ-ਵਿਆਹ ਸਮੂਹ ਹੈ, ਜਿਸ ਵਿਚ ਵਿਆਹ ਦੀ ਆਗਿਆ ਜਾਤ ਦੇ ਅੰਦਰ ਹੀ ਹੈ। ਪਰੰਤੂ ਵਰਗ ਜਾਂ ਸ਼੍ਰੇਣੀ ਵਿਚ ਇਸ ਤਰ੍ਹਾਂ ਦੀ ਕੋਈ ਬੰਦਿਸ਼ ਨਹੀਂ ਹੁੰਦੀ ਕਿ ਇਕ ਉੱਚ ਵਰਗ ਦੇ ਵਿਅਕਤੀ ਨੇ ਉੱਚ ਵਰਗ ਦੇ ਅੰਦਰ ਹੀ ਵਿਆਹ ਕਰਵਾਉਣਾ ਹੈ। ਕੋਈ ਮਨੁੱਖ ਕਿਸੇ ਵੀ ਵਰਗ ਦੀ ਔਰਤ ਨਾਲ ਵਿਆਹ ਕਰਵਾ ਸਕਦਾ ਹੈ। ਵਰਗ ਜਾਂ ਸ਼੍ਰੇਣੀ ਅੰਦਰ ਵਿਆਹ ਦੇ ਨਿਯਮ ਜਾਤ ਦੀ ਤਰ੍ਹਾਂ ਕਠੋਰ ਨਹੀਂ ਹੁੰਦੇ। ਵਰਗ ਜਾਂ ਸ਼੍ਰੇਣੀ ਇਕ ਬਾਹਰੀ-ਵਿਆਹ (exogamous) ਸਮੂਹ ਹੈ।

### 7.4.3 ਨਿਸ਼ਚਿਤ ਕਿੱਤਾ

ਜਾਤ ਅਤੇ ਵਰਗ ਦਾ ਇਕ ਹੋਰ ਮਹੱਤਵਪੂਰਨ ਫਰਕ ਹੈ ਨਿਸ਼ਚਿਤ ਕਿੱਤਾ ਜਾਂ ਪੇਸ਼ਾ। ਜਾਤ ਪ੍ਰਣਾਲੀ ਵਿਚ ਕਿੱਤਾ ਜੱਦੀ ਜਾਂ ਪੁਸ਼ਤੈਨੀ ਹੁੰਦਾ ਹੈ। ਕਿੱਤੇ ਦੀ ਚੋਣ ਪ੍ਰਤੀ ਬੁਹੁਤ ਕਰੜੀਆਂ ਬੰਦਸ਼ਾਂ ਹੁੰਦੀਆਂ ਹਨ। ਜਿਸ ਵਰਣ ਜਾਂ ਜਾਤ ਵਿਚ ਵਿਅਕਤੀ ਜਨਮ ਲੈਂਦਾ ਹੈ ਉਸਨੂੰ ਉਹ ਕਿੱਤਾ ਹੀ ਅਪਨਾਉਣਾ ਪੈਂਦਾ ਹੈ, ਜਿਵੇਂ ਬ੍ਰਾਹਮਣ ਦਾ ਬੇਟਾ ਬ੍ਰਾਹਮਣ, ਜਿਸ ਦਾ ਕੰਮ ਹੈ ਸਿੱਖਿਆ ਦੇਣਾ, ਮੰਤਰ ਉਚਾਰਣਾ, ਜਨਮ, ਵਿਆਹ ਅਤੇ ਮੌਤ ਦੇ ਰੀਤੀ-ਰੀਵਾਜ਼ ਨਿਭਾਉਣੇ, ਲੁਹਾਰ ਦਾ ਬੇਟਾ ਲੁਹਾਰ ਦਾ ਕੰਮ ਹੀ ਕਰਦਾ ਹੈ ਅਤੇ ਮੋਚੀ ਦਾ ਜੁੱਤੀਆਂ ਬਣਾਉਂਦਾ ਹੈ। ਬੱਚੇ ਦੇ ਜਨਮ ਤੋਂ ਬਾਅਦ ਕਿਸੇ ਨੂੰ ਵੀ ਇਹ ਸੋਚ ਨਹੀਂ ਹੁੰਦੀ ਕਿ ਉਸਨੇ ਵੱਡੇ ਹੋਕੇ ਕਿਹੜਾ ਕੰਮ ਕਰਨਾ ਹੈ। ਸੋ ਉਸਦਾ ਕਿੱਤਾ ਨਿਸ਼ਚਿਤ ਹੁੰਦਾ ਹੈ ਪਰੰਤੂ ਵਰਗ ਦੇ ਅੰਦਰ ਇਸ ਤਰ੍ਹਾਂ ਦੀ ਕੋਈ ਕਠੋਰਤਾ ਨਹੀਂ ਹੈ। ਵਿਅਕਤੀ ਆਪਣੀ ਯੋਗਤਾ ਅਤੇ ਕਾਬਲੀਅਤ ਅਨੁਸਾਰ ਮਨ-ਮਰਜ਼ੀ ਦਾ ਪੇਸ਼ਾ ਚੁਣ ਸਕਦਾ ਹੈ। ਵਰਗ ਅੰਦਰ ਵਿਅਕਤੀ ਦਾ ਪੇਸ਼ਾ ਉਸ ਦੀ ਸਮਾਜਿਕ ਸਥਿਤੀ ਨਿਰਧਾਰਨ ਦਾ ਇਕ ਮਹੱਤਵਪੂਰਨ ਆਧਾਰ ਹੈ ਕਿਉਂਕਿ ਵਰਗ ਵੰਡ ਨੂੰ ਨਿਰਧਾਰਿਤ ਕਰਦੇ ਸਮੇ ਪੇਸ਼ੇ ਦੇ ਤੱਤ ਨੂੰ ਮੱਦੇ ਨਜ਼ਰ ਰੱਖਿਆਂ ਜਾਂਦਾ ਹੈ। ਜਾਤ ਅੰਦਰ ਅਜਿਹਾ ਕੋਈ ਆਧਾਰ ਨਹੀਂ ਕਿ ਪੇਸ਼ੇ ਨੂੰ ਮੁੱਖ ਰੱਖਕੇ ਕਿਸੇ ਦੀ ਜਾਤ ਚੁਣੀ ਜਾਂਦੀ ਹੋਵੇ। ਪਰ ਅੱਜ-ਕੱਲ੍ਹ ਦੇ ਆਧੁਨਿਕ ਸਮਾਜ ਵਿਚ ਕਿਸੇ ਵੀ ਜਾਤ ਦਾ ਵਿਅਕਤੀ ਪੜ੍ਹ ਲਿਖ ਕੇ ਡਾਕਟਰ, ਇੰਜੀਨੀਅਰ, ਆਈ. ਏ. ਐਸ. ਜਾਂ ਕੋਈ ਨੇਤਾ ਬਣ ਸਕਦਾ ਹੈ ਕਿਉਂਕਿ ਜਾਤ ਦੇ ਕਿੱਤੇ ਪ੍ਰਤੀ ਨਿਯਮਾਂ ਦੀ ਕਠੋਰਤਾ ਹੁਣ ਢਿੱਲੀ ਪੈ ਗਈ ਹੈ। ਦੂਜੇ ਪਾਸੇ ਵਰਗ ਜਾਂ ਸ਼੍ਰੇਣੀ ਦੇ ਇਸ ਤਰ੍ਹਾਂ ਦੇ ਕੋਈ ਨਿਯਮ ਨਹੀਂ ਹਨ। ਇਹ ਸੱਭ ਵਿਅਕਤੀ ਦੀ ਆਪਣੀ ਸਿੱਖਿਆ, ਯੋਗਤਾਂ ਅਤੇ ਕਾਬਲੀਅਤ ਤੇ ਨਿਰਭਰ ਹੈ। ਜੇਕਰ ਕੋਈ ਉੱਚ

ਵਰਗ ਦਾ ਵਿਅਕਤੀ ਨਿਕੰਮਾ ਹੈ, ਉਹ ਪੜ੍ਹਦਾ ਲਿਖਦਾ ਨਹੀਂ ਤਾਂ ਫਿਰ ਇਹ ਮੁਮਕਿਨ ਨਹੀਂ ਕਿ ਉਸਨੂੰ ਕੋਈ ਉੱਚ ਕਿਸਮ ਦਾ ਅਹੁਦਾ ਜਾਂ ਪੇਸ਼ਾ ਮਿਲੇ ਕਿਉਂਕਿ ਉਹ ਵਿਅਕਤੀ ਇਸਦੇ ਕਾਬਲ ਨਹੀਂ। ਇਸ ਲਈ ਕਿਸੇ ਵੀ ਵਰਗ ਲਈ ਕੋਈ ਨਿਸ਼ਚਿਤ ਕਿੱਤਾ ਨਹੀਂ ਹੁੰਦਾ।

### 7.4.4 ਸਮਾਜਿਕ ਬੰਦਿਸ਼ਾਂ

ਜਾਤ ਪ੍ਰਣਾਲੀ ਵਿਚ ਕਈ ਤਰ੍ਹਾਂ ਦੀਆਂ ਸਮਾਜਿਕ ਬੰਦਿਸ਼ਾਂ ਲਗਾਈਆਂ ਜਾਂਦੀਆਂ ਹਨ। ਜਿਨ੍ਹਾਂ ਅਨੁਸਾਰ ਉੱਚ ਜਾਤ ਦੇ ਵਿਅਕਤੀਆਂ ਨੂੰ ਨੀਵੀਂ ਜਾਤ ਦੇ ਵਿਅਕਤੀਆਂ ਨਾਲ ਖਾਣ-ਪੀਣ ਤੇ ਮਿਲਵਰਤਣ ਤੇ ਪਾਬੰਦੀ ਹੁੰਦੀ ਹੈ। ਉੱਚੀਆਂ ਤੇ ਨੀਵੀਆਂ ਕਈ ਜਾਤਾਂ ਦੇ

ਖੂਹ ਅਲੱਗ- ਅਲੱਗ ਹੁੰਦੇ ਹਨ। ਕਈ ਜਾਤ ਸਮੂਹ ਹਨ ਜੋ ਦੂਜੇ ਜਾਤੀ ਸਮੂਹਾਂ ਤੋਂ ਪੱਕਿਆਂ ਭੋਜਨ ਹੀ ਸਵੀਕਾਰ ਕਰਦੇ ਹਨ ਅਤੇ ਕਈ ਕੱਚਾ ਵੀ ਲੈ ਸਕਦੇ ਹਨ। ਕਈ ਜਾਤ ਸਮੂਹ ਦੂਜੇ ਸਮੂਹ ਤੋਂ ਪਾਣੀ ਤੱਕ ਵੀ ਨਹੀਂ ਲੈ ਸਕਦੇ, ਜਿਵੇਂ ਬੰਗਾਲ ਦੀ ਜਨਗਣਨਾ 1921 ਵਿਚ ਜੇ ਕੋਈ ਨੀਵੀਂ ਜਾਤ ਦਾ ਵਿਅਕਤੀ ਉੱਚੀ ਜਾਤ ਦੇ ਖੂਹ ਤੋਂ ਪਾਣੀ ਭਰ ਲਵੇ ਤਾਂ ਉਹ ਖੂਹ ਭਿੱਟੇ ਜਾਂਦੇ ਸਨ। ਖੂਹ ਚੋਂ ਪਾਣੀ ਕੱਢਣ ਵਾਲੇ ਭਾਂਡੇ, ਖੂਹ ਦੀ ਕਿਸਮ ਲੰਬਾਈ, ਚੌੜਾਈ ਆਦਿ ਬਹੁਤ ਸਾਰੀਆਂ ਬੰਦਿਸ਼ਾਂ ਹਨ ਜੋ ਅਲੱਗ-ਅਲੱਗ ਜਾਤੀ ਸਮੂਹਾਂ ਤੇ ਲਾਗੂ ਹੁੰਦੀਆਂ ਹਨ। ਇਸੇ ਤਰ੍ਹਾਂ ਉਨ੍ਹਾਂ ਤੇ ਸਮਾਜਿਕ ਰੋਕਾਂ ਹਨ, ਉਹ ਖੁੱਲ੍ਹ ਕੇ ਦੂਜੀਆਂ ਜਾਤਾਂ ਦੇ ਗ਼ਮਾਂ ਤੇ ਖੁਸ਼ੀਆਂ ਵਿਚ ਸ਼ਰੀਕ ਨਹੀਂ ਹੋ ਸਕਦੇ। ਉਹ ਜਨਮ-ਵਿਆਹ ਜਾਂ ਮੌਤ ਸਮੇਂ ਇਕ ਦੂਜੇ ਦੇ ਘਰ ਸਿਰਕਤ ਨਹੀਂ ਕਰ ਸਕਦੇ।ਇਥੇ ਛੂਆ-ਛੂਤ ਦਾ ਨਿਯਮ ਬਹੁਤ ਭਾਰੂ ਹੁੰਦਾ ਹੈ।

ਪਰੰਤੂ ਵਰਗ ਪ੍ਰਣਾਲੀ ਵਿਚ ਇਸ ਤਰ੍ਹਾਂ ਦੀਆਂ ਕਠੋਰ ਸਮਾਜਿਕ ਬੰਦਿਸ਼ਾਂ ਨਹੀਂ ਹਨ, ਉੱਥੇ ਖਾਣ ਪੀਣ ਜਾਂ ਸਮਾਜਿਕ ਮਿਲਵਰਤਨ ਤੇ ਕੋਈ ਕਠੋਰ ਪਾਬੰਦੀ ਨਹੀਂ। ਹਾਂ ਕੁਝ ਕੁ ਵਰਗ ਜ਼ਰੂਰ ਆਪਣੀ ਵੱਖਰਤਾ ਬਣਾਈ ਰੱਖਦੇ ਹਨ, ਜਿਵੇਂ ਰਾਜੇ-ਮਹਾਰਾਜਿਆਂ ਦਾ ਵਰਗ। ਉਹ ਦੂਸਰਿਆਂ ਨਾਲ ਘੱਟ ਹੀ ਮਿਲਵਰਤਨ ਰੱਖਦੇ ਹਨ। ਪਰੰਤੂ ਜਾਤ ਦੀ ਤਰ੍ਹਾਂ ਇਨ੍ਹਾਂ ਵਿਚ ਛੂਆ ਛੂਤ ਜਾਂ ਖਾਣ-ਪੀਣ ਦੀਆਂ ਮਨਾਹੀਆਂ ਨਹੀਂ ਹਨ। ਵਰਗ ਪ੍ਰਣਾਲੀ ਵਿਚ ਹਰੇਕ ਵਰਗ ਦੇ ਲੋਕ ਸਮਾਜਿਕ ਮਿਲਵਰਤਨ ਰੱਖਦੇ ਹਨ। ਉਹ ਉਨ੍ਹਾਂ ਦੇ ਦੁੱਖ-ਸੁੱਖ ਵਿਚ ਸ਼ਰੀਕ ਹੁੰਦੇ ਹਨ।

### 7.4.5 ਆਰਥਿਕ ਆਧਾਰ

ਵਰਗ ਵੰਡ ਦਾ ਮੁੱਖ ਆਧਾਰ ਆਰਥਿਕ ਜਾਂ ਧਨ ਹੈ। ਵਰਗ ਨਿਰਮਾਣ ਲਈ ਧਨ ਤੇ ਸੰਪਤੀ ਦਾ ਅਹਿਮ ਰੋਲ ਹੈ। ਵੱਧ ਪੈਸੇ ਵਾਲੇ ਲੋਕਾਂ ਦਾ ਉੱਚਾ ਵਰਗ ਹੁੰਦਾ ਹੈ। ਜਿਵੇਂ-ਜਿਵੇਂ ਆਰਥਿਕ ਅਸਮਾਨਤਾ ਵੱਧਦੀ ਜਾਂਦੀ ਹੈ ਤਿਉਂ ਤਿਉਂ ਇਨ੍ਹਾਂ ਵਰਗਾਂ ਦੀ ਗਿਣਤੀ ਵੱਧਦੀ ਜਾਂਦੀ ਹੈ। ਉਤਪਾਦਨ ਦੇ ਸਾਧਨਾਂ ਤੇ ਅਤੇ ਉਤਪਾਦਿਤ ਵਸਤਾਂ ਤੇ ਜਿਸ ਵਿਅਕਤੀ ਦਾ ਜਿੰਨਾ ਵੱਧ ਨਿਯੰਤਰਣ ਹੈ ਉਹ ਉਨ੍ਹੇ ਹੀ ਉੱਚ ਵਰਗ ਦਾ ਮੈਂਬਰ ਹੈ। ਪਰੰਤੂ ਜਾਤ ਦਾ ਆਧਾਰ ਆਰਥਿਕ ਨਹੀਂ ਹੁੰਦਾ। ਜਿਵੇਂ ਜ਼ਰੂਰੀ ਨਹੀਂ ਕਿ ਬ੍ਰਾਹਮਣ ਜਾਤੀ ਦੇ ਵਿਅਕਤੀ ਕੋਲ ਇਕ ਵੈਸ਼ ਨਾਲੋਂ ਜ਼ਿਆਦਾ ਧੰਨ ਜਾਂ ਸੰਪਤੀ ਹੋਵੇ। ਪਰ ਸਮਾਜ ਵਿਚ ਦਰਜ਼ਾਂ ਤਾਂ ਬ੍ਰਾਹਮਣ ਦਾ ਹੀ ਉੱਚਾ ਹੋਵੇਗਾ। ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਜਾਤੀ ਇਕ ਸਭਿਆਚਾਰ ਸੰਸਥਾ ਹੈ, ਜਿਸ ਦਾ ਆਧਾਰ ਸਮਾਜਿਕ ਹੈ। ਪਰੰਤੂ ਵਰਗ ਦੇ ਬਹੁਤ ਸਾਰੇ ਆਧਾਰ ਹਨ ਜਿਨ੍ਹਾਂ ਵਿਚੋਂ ਆਰਥਿਕ ਆਧਾਰ ਦੀ ਬਹੁੱਤ ਮਹੱਤਤਾ ਹੈ।

### 7.4.6 ਪ੍ਰਦੱਤ /ਅਰਜਿਤ

ਜਿਵੇਂ ਕਿ ਉੱਪਰ ਵੀ ਬਿਆਨ ਕੀਤਾ ਜਾ ਚੁੱਕਾ ਹੈ ਕਿ ਕਿਸੇ ਵੀ ਵਿਅਕਤੀ ਨੂੰ ਜਾਤ ਦੀ ਮੈਂਬਰਸ਼ਿਪ ਲਈ ਕੋਈ ਕੋਸ਼ਿਸ਼ ਨਹੀਂ ਕਰਨੀ ਪੈਂਦੀ ਸਗੋਂ ਇਹ ਜਨਮ ਤੋਂ ਹੀ ਆਪਣੇ ਆਪ ਪ੍ਰਾਪਤ ਹੋ ਜਾਂਦੀ ਹੈ। ਇਸ ਨੂੰ ਅਸੀਂ ਪ੍ਰਦੱਤ ਮੈਂਬਰਸ਼ਿਪ ਕਹਿੰਦੇ ਹਾਂ। ਇਸੇ ਕਰਕੇ ਜਾਤ ਪ੍ਰਣਾਲੀ ਜ਼ਿਆਦਾ ਸਥਿਰ ਹੁੰਦੀ ਹੈ। ਕਿਉਂਕਿ ਕਿਸੇ ਵੀ ਵਿਅਕਤੀ ਦੀ ਨਾਕਾਮਯਾਬੀ, ਉਸਦੀ ਗ਼ਰੀਬੀ ਅਤੇ ਰੁਚੀਆਂ, ਅਰੁੱਚੀਆਂ ਦਾ ਜਾਤ ਉਪਰ ਤੇ ਵਿਅਕਤੀ ਦੀ ਜਾਤ ਅੰਦਰ ਸਥਿਤੀ ਤੇ ਕੋਈ ਅਸਰ ਨਹੀਂ ਪੈਂਦਾ। ਪਰੰਤੂ ਵਰਗ ਦੀ ਮੈਂਬਰਸ਼ਿਪ ਅਰਜਿਤ ਹੁੰਦੀ ਹੈ,

ਭਾਵ ਵਿਅਕਤੀ ਨੇ ਆਪਣੀ ਕਾਬਲੀਅਤ ਤੇ ਯੋਗਤਾ ਨਾਲ ਲਈ ਹੁੰਦੀ ਹੈ। ਉਸਦੀ ਸਫਲਤਾ ਅਤੇ ਅਸਫਲਤਾ ਵਿਅਕਤੀ ਦੀ ਸਥਿਤੀ ਨੂੰ ਪਰਿਭਾਵਿਤ ਕਰਦੀ ਹੈ ਅਤੇ ਉਨ੍ਹਾਂ ਦੇ ਬਦਲਣ ਨਾਲ ਵਿਅਕਤੀ ਦਾ ਵਰਗ ਵੀ ਬਦਲ ਜਾਂਦਾ ਹੈ।

### 7.4.7 ਵਿਅਕਤੀਵਾਦਤਾ

ਜਾਤ ਪ੍ਰਣਾਲੀ ਵਿਅਕਤੀਵਾਦਤਾ ਤੇ ਆਧਾਰਿਤ ਨਹੀਂ ਸਗੋਂ ਇਸ ਵਿਚ 'ਅਸੀਂ ਦੀ ਭਾਵਨਾ' (We Feeling) ਹੁੰਦੀ ਹੈ। ਜਾਤ ਸਮੂਹ ਦੇ ਮੈਂਬਰ ਆਪਣੇ ਆਪ ਨੂੰ ਇਕ ਸਮਝਦੇ ਹਨ। ਵਿਅਕਤੀਆਂ ਵਿਚ ਨਿੱਜੀ ਫ਼ਾਇਦੇ ਦੀ ਸੋਚ ਘੱਟ ਹੁੰਦੀ ਹੈ। ਇਸ ਵਿਚ ਸਮਾਜਿਕ ਇਕਜੁੱਟਤਾ ਹੁੰਦੀ ਹੈ। ਵਰਗ ਪ੍ਰਣਾਲੀ ਦੀ ਵਿਸ਼ੇਸ਼ਤਾ ਵਿਅਕਤੀਵਾਦਤਾ ਹੈ। ਵਰਗ ਦੇ ਮੈਂਬਰ ਆਪਣੇ ਵਰਗ ਪ੍ਰਤੀ ਸੁਚੇਤ ਨਾ ਹੋਕੇ ਹਮੇਸ਼ਾ ਇਸ ਹੋੜ ਵਿਚ ਰਹਿੰਦੇ ਹਨ ਕਿ ਕਿਵੇ ਆਪਣੇ ਤੋਂ ਉੱਚੇ ਵਰਗ ਦਾ ਹਿੱਸਾ ਬਣਿਆ ਜਾਵੇ। ਜਿਸ ਕਾਰਨ ਉਨ੍ਹਾਂ ਵਿਚ 'ਅਸੀਂ ਭਾਵਨਾ' ਘੱਟ ਹੁੰਦੀ ਹੈ। ਉਹ ਆਪਣੇ ਨਿੱਜੀ ਹਿੱਤਾਂ ਪ੍ਰਤੀ ਜ਼ਿਆਦਾ ਸੁਚੇਤ ਰਹਿੰਦੇ ਹਨ।

### 7.4.8 ਪ੍ਰਤੀਯੋਗਤਾ

ਇਹ ਵਿਸ਼ੇਸ਼ਤਾ ਵੀ ਵਰਗ ਪ੍ਰਣਾਲੀ ਦੀ ਹੀ ਹੈ। ਕਿਉਂਕਿ ਵਰਗ ਦੀ ਮੈਂਬਰਸ਼ਿਪ ਵਿਅਕਤੀ ਦੀ ਕਾਬਲੀਅਤ ਤੇ ਨਿਰਭਰ ਹੈ, ਇਸ ਲਈ ਉਹ ਹਮੇਸ਼ਾਂ ਦੂਸਰਿਆਂ ਨਾਲ ਪ੍ਰਤੀਯੋਗਤਾ ਵਿਚ ਰਹਿੰਦਾ ਹੈ ਤਾਂ ਕਿ ਜ਼ਿਆਦਾ ਧਨ, ਸਿੱਖਿਆ ਤੇ ਹੋਰ ਸਾਧਨ ਜੁੱਟਾ ਕੇ ਉੱਚੇ ਵਰਗ ਦਾ ਮੈਂਬਰ ਬਣ ਸਕੇ। ਪਰੰਤੂ ਪ੍ਰਤੀਯੋਗਤਾ ਦੀ ਪ੍ਰਕ੍ਰਿਆ ਜਾਤ ਪ੍ਰਣਾਲੀ ਵਿਚ ਨਹੀਂ ਹੁੰਦੀ। ਕਿਉਂਕਿ ਇਸਦੇ ਮੈਂਬਰ ਸੁਚੇਤ ਹੁੰਦੇ ਹਨ ਕਿ ਉਹ ਕੁਝ ਵੀ ਕਰ ਲੈਣ ਪਰ ਆਪਣੀ ਜਾਤ ਨਹੀਂ ਬਦਲ ਸਕਦੇ। ਇਸ ਲਈ ਉਹ ਦੂਸਰੀ ਜਾਤ ਨੂੰ ਆਪਣਾ ਪ੍ਰਤੀਯੋਗੀ ਨਹੀਂ ਸਮਝਦੇ। ਇਸ ਕਰਕੇ ਇਸ ਵਿਵਸਥਾ ਵਿਚ ਢਿਲੜਤਾ ਅਤੇ ਵਿਹਲੜਪਣ ਨੂੰ ਵਾਧਾਵਾ ਮਿਲਦਾ ਹੈ, ਜਦੋਂ ਕਿ ਇਕ ਉੱਚੇ ਵਰਗ ਦੀ ਮੈਂਬਰਸ਼ਿਪ ਲਈ ਵਿਅਕਤੀ ਬਹੁਤ ਮਿਹਨਤ ਕਰਦਾ ਹੈ।

### 7.4.9 ਤਰਕਸ਼ੀਲਤਾ

ਜਾਤ ਪ੍ਰਥਾ ਵਿਚ ਤਾਂ ਇਹ ਪਹਿਲਾਂ ਹੀ ਤੈਅ ਹੁੰਦਾ ਹੈ ਕਿ ਕਿਸੇ ਵਿਅਕਤੀ ਦਾ ਕੀ ਰੁਤੱਬਾ ਹੈ? ਉਸਨੇ ਵੱਡੇ ਹੋਕੇ ਕੀ ਕਿੱਤਾ ਅਪਨਾਉਣਾ ਹੈ ਅਤੇ ਉਸਦਾ ਕੀ ਭਵਿੱਖ ਹੈ? ਇਹ ਸੱਭ ਪਹਿਲਾਂ ਹੀ ਹੱਥ ਦੀਆਂ ਲਕੀਰਾਂ ਵਿਚ ਨਿਸ਼ਚਿਤ ਹੁੰਦਾ ਹੈ। ਪਰੰਤੂ ਵਰਗ ਪ੍ਰਣਾਲੀ ਵਿਚ ਕਿਸਮਤ ਹੱਥ ਦੀਆਂ ਲਕੀਰਾਂ ਜਾਂ ਵਹਿਮਾਂ ਲਈ ਕੋਈ ਥਾਂ ਨਹੀਂ। ਇਹ ਤਾਂ ਸਿਰਫ਼ ਤਰਕਸ਼ੀਲਤਾ (Rationalization) ਤੇ ਆਧਾਰਿਤ ਹੈ। ਛੂਆ-ਛੂਤ, ਖਾਣ-ਪੀਣ ਸੰਬੰਧੀ ਅਤੇ ਸਮਾਜਿਕ ਮਿਲਵਰਤਨ ਸਬੰਧੀ ਰੋਕਾਂ ਵਰਗ ਪ੍ਰਣਾਲੀ ਵਿਚ ਨਹੀਂ ਪਾਈਆਂ ਜਾਂਦੀਆਂ, ਬਲਕਿ ਇਸ ਵਿਚ ਤਾਂ ਹਰੇਕ ਚੀਜ਼ ਦਾ ਕਾਰਨ ਲੱਭਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਉਹ ਸਾਰੇ ਵਰਜਿਤ ਕਾਰਜ (Taboos) ਤੇ ਮਨਾਹੀਆਂ ਜਿਵੇਂ ਕਿ ਅੰਤਰ ਜਾਤੀ ਵਿਆਹ ਜਿਹੜੇ ਜਾਤ ਪ੍ਰਥਾ ਵਿਚ ਪ੍ਰਚੱਲਿਤ ਹੁੰਦੇ ਹਨ, ਵਰਗ ਪ੍ਰਣਾਲੀ ਵਿਚ ਲੋਕ ਇਨ੍ਹਾਂ ਨੂੰ ਮਾਨਤਾ ਨਹੀਂ ਦਿੰਦੇ। ਵਰਗ ਵਿਵਸਥਾ ਵਿਚ ਵਿਅਕਤੀ ਬਹੁਤ ਹੀ ਸੋਚੇ ਸਮਝੇ ਅਤੇ ਸੁਚੇਤ ਢੰਗ ਨਾਲ ਕੰਮ ਕਰਦੇ ਹਨ।

### 7.4.10 ਧਰਮ ਦੀ ਅਹਿਮੀਅਤ

ਪਰੰਪਰਾਗਤ ਅਤੇ ਰੂੜੀਵਾਦੀ ਸਮਾਜ ਵਿਚ ਧਰਮ ਦੀ ਬਹੁਤ ਅਹਿਮੀਅਤ ਹੁੰਦੀ ਹੈ ਕਿਉਂਕਿ

ਧਰਮ ਹੀ ਵਿਅਕਤੀ ਦੀ ਸਮਾਜਿਕ ਸਥਿਤੀ ਨਿਰਧਾਰਨ ਕਰਨ ਦਾ ਇਕ ਮਹੱਤਵਪੂਰਨ ਕਾਰਨ ਹੁੰਦਾ ਹੈ। ਜਾਤ ਪ੍ਰਥਾ ਅੰਦਰ ਵੀ ਧਰਮ ਦਾ ਬਹੁਤ ਮਹੱਤਵਪੂਰਨ ਰੋਲ ਹੈ। ਨੀਵੀਂਆਂ ਜਾਤਾਂ ਦੇ ਲੋਕਾਂ ਨੂੰ ਧਾਰਮਿਕ ਸਥਾਨਾਂ ਅੰਦਰ ਜਾਣ ਦੀ ਅਤੇ ਮੰਤਰ ਉਚਾਰਣ ਕਰਨ ਦੀ ਤੇ ਹੋਰ ਧਾਰਮਿਕ ਕ੍ਰਮ ਕਾਂਡ ਨਿਭਾਉਣ ਦੀ ਇਜਾਜ਼ਤ ਨਹੀਂ ਸੀ ਹੁੰਦੀ। ਬਹੁਤ ਥਾਂਵਾਂ ਤੇ ਨੀਵੀਂਆਂ ਜਾਤਾਂ ਦੇ ਆਪਣੇ ਧਾਰਮਿਕ ਸਥਾਨ ਹੁੰਦੇ ਸਨ। ਉਨ੍ਹਾਂ ਨੂੰ ਧਾਰਮਿਕ ਵਿਦਿਆ ਗ੍ਰਹਿਣ ਕਰਨ ਦਾ ਅਧਿਕਾਰ ਨਹੀਂ ਸੀ ਅਤੇ ਨਾ ਹੀ ਉਹ ਧਾਰਮਿਕ ਗ੍ਰੰਥ ਪੜ੍ਹ ਸਕਦੇ ਸਨ ਪਰੰਤੂ ਵਰਗ ਪ੍ਰਣਾਲੀ ਵਿਚ ਇਸ ਤਰ੍ਹਾਂ ਦੀਆਂ ਧਾਰਮਿਕ ਪਾਬੰਦੀਆਂ ਨਹੀਂ ਹਨ। ਕੋਈ ਵੀ ਵਿਅਕਤੀ ਕਿਸੇ ਵੀ ਧਰਮ ਨੂੰ ਮੰਨ ਸਕਦਾ ਹੈ ਅਤੇ ਉਸ ਨਾਲ ਸੰਬੰਧਤ ਧਾਰਮਿਕ ਸਥਾਨਾਂ, ਧਾਰਮਿਕ ਗ੍ਰੰਥਾਂ ਜਾ ਧਾਰਮਿਕ ਕ੍ਰਮ ਕਾਂਡਾਂ ਦੀ ਕੋਈ ਮਨਾਹੀ ਨਹੀਂ ਹੈ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਜਾਤ ਵਿਵਸਥਾ ਵਿਚ ਧਰਮ ਦਾ ਕੱਟੜਪੁਣਾ ਹੁੰਦਾ ਹੈ। ਜਦੋਂ ਕਿ ਵਰਗ ਵਿਵਸਥਾ ਵਿਚ ਇਸ ਦੀ ਖੁੱਲ੍ਹ ਹੁੰਦੀ ਹੈ।

### 7.4.11 ਸੱਤਾ

ਜਾਤ ਵਿਵਸਥਾ ਵਿਚ ਜਾਤ ਪੰਚਾਇਤਾਂ ( caste panchayats ) ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਜਾਤ ਪੰਚਾਇਤ ਦੇ ਕਾਇਦੇ ਕਾਨੂੰਨ ਅਤੇ ਨਿਯਮਾਂ ਨੂੰ ਮੰਨਣਾ ਸਾਰੇ ਮੈਂਬਰਾਂ ਲਈ ਜ਼ਰੂਰੀ ਹੁੰਦੀ ਹੈ। ਇਨ੍ਹਾਂ ਜਾਤ ਪੰਚਾਇਤਾਂ ਨੂੰ ਹਰ ਕਿਸਮ ਦੇ ਫੈਸਲੇ ਕਰਨ ਦਾ ਅਤੇ ਸਜ਼ਾ ਦੇਣ ਦਾ ਅਧਿਕਾਰ ਹੁੰਦਾ ਹੈ। ਜੇਕਰ ਇਨ੍ਹਾਂ ਦੀ ਆਗਿਆ ਦਾ ਪਾਲਣ ਨਾ ਕੀਤਾ ਜਾਵੇ ਤਾਂ ਇਹ ਵਿਅਕਤੀ ਨੂੰ ਬਰਾਦਰੀ ਵਿਚੋਂ ਛੇਕ ਦਿੰਦੀਆਂ ਹਨ ਪਰੰਤੂ ਵਰਗ ਵਿਵਸਥਾ ਵਿਚ ਇਹ ਸਾਰੇ ਅਧਿਕਾਰ ਕਾਨੂੰਨ ਕੋਲ ਹਨ। ਕਿਸੇ ਵੀ ਕਿਸਮ ਦਾ ਫੈਸਲਾ ਕਾਨੂੰਨੀ ਤੋਰ ਤੇ ਹੁੰਦਾ ਹੈ ਅਤੇ ਸਜ਼ਾ ਵੀ ਕਾਨੂੰਨ ਦੁਆਰਾ ਹੀ ਦਿੱਤੀ ਜਾਂਦੀ ਹੈ। ਬੇਸ਼ਕ ਆਧੁਨਿਕ ਸਮਾਜ ਵਿਚ ਇਹ ਕਾਨੂੰਨ ਜਾਤ ਵਿਵਸਥਾ ਤੇ ਵੀ ਲਾਗੂ ਹੈ ਪਰੰਤੂ ਵੇਖਣ ਵਿਚ ਆਇਆ ਹੈ ਕਿ ਜਾਤ ਪੰਚਾਇਤਾਂ ਅਜੇ ਵੀ ਆਪਣੀ ਪਕੜ ਬਣਾਏ ਹੋਏ ਹਨ।

### 7.4.12 ਸਿੱਖਿਆ

ਵਰਗ ਪ੍ਰਣਾਲੀ ਲਈ ਸਿੱਖਿਆ ਵੀ ਇਕ ਮਹੱਤਵਪੂਰਨ ਆਧਾਰ ਹੈ। ਈਲੀਟ (Elite) ਵਰਗ ਨੂੰ ਸੱਭ ਤੋਂ ਉੱਤਮ ਵਰਗ ਮੰਨਿਆ ਜਾਂਦਾ ਹੈ। ਜਦੋਂ ਸਮਾਜ ਦੀ ਵਰਗ ਵੰਡ ਹੁੰਦੀ ਹੈ ਤਾਂ ਸਿੱਖਿਆ ਵੰਡ ਵਿਚ ਮਹੱਤਵਪੂਰਨ ਆਧਾਰ ਦਾ ਰੋਲ ਅਦਾ ਕਰਦੀ ਹੈ। ਜੇਕਰ ਕਿਸੇ ਵਿਅਕਤੀ ਕੋਲ ਧਨ ਤੇ ਸੰਪਤੀ ਤਾਂ ਬਹੁਤ ਜ਼ਿਆਦਾ ਹੈ ਪਰ ਉਹ ਪੜ੍ਹਿਆਂ ਲਿਖਿਆ ਨਹੀਂ ਤਾਂ ਫਿਰ ਉਹ ਉੱਚ ਵਰਗ ਚ ਸ਼ਾਮਿਲ ਲਈਂ ਹੋਵੇਗਾ। ਦੂਜੇ ਪਾਸੇ ਜਾਤ ਵਿਵਸਥਾ ਵਿਚ ਸਿੱਖਿਆ ਦੀ ਭੂਮਿਕਾ ਐਨੀ ਮਹੱਤਵਪੂਰਨ ਨਹੀਂ ਹੈ। ਕਿਉਂਕਿ ਸਿੱਖਿਆ ਦੇ ਆਧਾਰ ਤੇ ਵਿਅਕਤੀ ਦੀ ਜਾਤ ਨਹੀਂ ਬਣਦੀ ਜਾਂ ਕਹਿ ਲਵੋ ਕਿ ਉਸ ਨੂੰ ਸਮਾਜ ਵਿਚ ਸਥਾਨ ਪ੍ਰਾਪਤ ਨਹੀਂ ਹੁੰਦਾ। ਤੁਸੀਂ ਬੇਸ਼ਕ ਘੱਟ ਪੜ੍ਹੇ ਲਿਖੇ ਹੋ, ਪਰ ਬ੍ਰਾਹਮਣ ਹੋ, ਤਾਂ ਸਮਾਜ ਵਿਚ ਤੁਹਾਡੀ ਸਥਿਤੀ ਉੱਚ ਦਰਜ ਦੀ ਹੈ।

### 7.4.13 ਬੰਦ ਸਮੂਹ ਤੇ ਖੁੱਲ੍ਹਾ ਸਮੂਹ

ਇਹ ਜਾਤ ਅਤੇ ਵਰਗ ਵਿਵਸਥਾ ਦਾ ਬਹੁਤ ਹੀ ਅਹਿਮ ਭੇਦ ਹੈ। ਜਾਤ ਵਿਵਸਥਾ ਦੇ ਮੁਕਾਬਲੇ ਵਰਗ ਪ੍ਰਣਾਲੀ ਇਕ ਖੁੱਲ੍ਹਾ ਸਮੂਹ ਹੈ। ਜਿਸ ਵਿਚ ਸਮਾਜਿਕ ਸਥਿਤੀ 'ਚ ਬਦਲਾਓ

ਬਹੁਤ ਆਸਾਨੀ ਨਾਲ ਹੁੰਦਾ ਹੈ। ਵਿਅਕਤੀ ਦਾ ਸਮਾਜ ਵਿਚ ਸਥਾਨ ਉਸਦੇ ਜਨਮ ਜਾਤ ਉੱਤੇ ਆਧਾਰਿਤ ਨਹੀਂ ਹੁੰਦਾ, ਬਲਕਿ ਉਹ ਆਪਣੀ ਯੋਗਤਾ ਅਤੇ ਲਿਆਕਤ ਨਾਲ ਸਮਾਜ ਦੇ ਕਿਸੇ ਵੀ ਅਹੁਦੇ ਤੇ ਪਹੁੰਚ ਸਕਦਾ ਹੈ ਅਤੇ ਆਪਣੀਆਂ ਗ਼ਲਤ ਨੀਤੀਆਂ ਕਾਰਨ ਰਾਜਾ ਤੋਂ ਵੀ ਰੰਕ ਬਣ ਸਕਦਾ ਹੈ। ਇਸ ਪੱਖੋਂ ਇਹ ਸਥਾਈ ਵਿਵਸਥਾ ਨਹੀਂ। ਪਰੰਤੂ ਜਾਤ ਪ੍ਰਣਾਲੀ ਇਕ ਬੰਦ ਸਮੂਹ ਹੈ ਜਿਸ ਵਿਚ ਆਪਣੇ ਆਪ ਬਦਲਾਓ ਨਾ ਬਰਾਬਰ ਹੁੰਦਾ ਹੈ, ਭਾਵ ਜਿਸ ਜਾਤ ਵਿਚ ਵਿਅਕਤੀ ਜਨਮ ਲੈਂਦਾ ਹੈ ਉਸੇ ਵਿਚ ਹੀ ਮਰਦਾ ਹੈ।

### 7.4.14 ਗਤੀਸ਼ੀਲਤਾ

ਸਮਾਜਿਕ ਗਤੀਸ਼ੀਲਤਾ ਤੋਂ ਭਾਵ ਹੈ ਕਿ ਕੋਈ ਵਿਅਕਤੀ ਆਪਣੀ ਮਰਜ਼ੀ ਨਾਲ ਆਪਣੀ ਸਮਾਜਿਕ ਸਥਿਤੀ ਨੂੰ ਬਦਲ ਲੈਂਦਾ ਹੈ। ਜਿਵੇਂ ਕਿ ਅਸੀਂ ਉਪਰ ਬਿਆਨ ਕਰ ਚੁੱਕੇ ਹਾਂ ਕਿ ਜਾਤ ਇਕ ਬੰਦ ਸਮੂਹ ਹੈ। ਜਿਸ ਜਾਤ ਵਿਚ ਵਿਅਕਤੀ ਨੇ ਜਨਮ ਲਿਆ ਹੈ, ਉਸ ਵਿਚੋਂ ਬਾਹਰ ਨਿਕਲਣਾ ਨਾ-ਮੁਮਕਿਨ ਹੈ। ਇਸ ਲਈ ਉਸਦੀ ਸਮਾਜਿਕ ਗਤੀਸ਼ੀਲਤਾ ਨਾ-ਬਰਾਬਰ ਹੈ ਕਿਉਂਕਿ ਉਹ ਆਪਣੀ ਮਰਜ਼ੀ ਨਾਲ ਆਪਣੀ ਜਾਤ ਨਹੀਂ ਬਦਲ ਸਕਦਾ ਪਰੰਤੂ ਵਰਗ ਅੰਦਰ ਸਮਾਜਿਕ ਗਤੀਸ਼ੀਲਤਾ ਬਹੁਤ ਤੇਜ਼ੀ ਨਾਲ ਵਾਪਰਦੀ ਹੈ। ਕਿਉਂਕਿ ਜਾਤ ਦਾ ਆਧਾਰ ਤਾਂ ਕੇਵਲ ਜਨਮ ਹੈ ਪਰੰਤੂ ਵਰਗ ਦੇ ਅਨੇਕ ਆਧਾਰ ਹਨ ਜਿਵੇਂ ਜਿਵੇਂ ਵਿਅਕਤੀ ਆਪਣੀ ਯੋਗਤਾ ਅਨੁਸਾਰ ਇਨ੍ਹਾਂ ਚੀਜ਼ਾਂ (ਜੋ ਆਧਾਰ ਹਨ) ਨੂੰ ਗ੍ਰਹਿਣ ਕਰਦਾ ਜਾਂਦਾ ਹੈ ਅਤੇ ਉਹ ਉੱਚ ਵਰਗ ਵਿਚ ਸ਼ਾਮਿਲ ਹੁੰਦਾ ਰਹਿੰਦਾ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਇਹ ਜਾਤ ਦੀ ਤਰ੍ਹਾਂ ਸਥਿਰ ਨਹੀਂ ਬਲਕਿ ਵਰਗ ਪ੍ਰਣਾਲੀ ਵਿਚ ਸਮਾਜਿਕ ਗਤੀਸ਼ੀਲਤਾ ਬਹੁਤ ਤੇਜ਼ੀ ਨਾਲ ਹੁੰਦੀ ਹੈ।

## 7.5 ਸਾਰ

ਉਪਰੋਕਤ ਚਰਚਾ ਤੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਜਾਤ ਤੇ ਵਰਗ ਵੱਖ-ਵੱਖ ਸਮਾਜਿਕ ਸਤਰੀਕਰਣ ਦੀਆਂ ਦੋ ਕਿਸਮਾਂ ਹਨ ਜਿਹੜੀਆਂ ਵਿਅਕਤੀਆਂ ਨੂੰ ਵੱਖ-ਵੱਖ ਸਮੂਹਾਂ ਵਿਚ ਵੰਡਦੀਆਂ ਹਨ ਅਤੇ ਉਨ੍ਹਾਂ ਦੀ ਸਮਾਜ ਵਿਚ ਸਥਿਤੀ ਨਿਰਧਾਰਿਤ ਕਰਦੀਆਂ ਹਨ। ਇਨ੍ਹਾਂ ਦੋਵਾਂ ਵਿਚ ਕਈ ਪ੍ਰਕਾਰ ਦੀਆਂ ਭਿੰਨਤਾਵਾਂ ਹਨ ਜਿਨ੍ਹਾਂ ਨੂੰ ਅਸੀਂ ਇਸ ਪਾਠ ਵਿਚ ਬਹੁਤ ਹੀ ਵਿਸਥਾਰ ਨਾਲ ਬਿਆਨ ਕਰ ਚੁੱਕੇ ਹਾਂ ਅਤੇ ਆਸਾਨ ਜਿਹੇ ਸ਼ਬਦਾਂ ਵਿਚ ਹੇਠ ਦਿੱਤੇ ਅਨੁਸਾਰ ਇਸ ਦਾ ਨਿਚੋੜ ਕੱਢ ਸਕਦੇ ਹਾਂ।

| **ਜਾਤ** | **ਜਮਾਤ (ਵਰਗ) ਜਾਂ ਸ਼੍ਰੇਣੀ** |
|---|---|
| (ੳ) ਬੰਦ ਸਮੂਹ | (ੳ) ਖੁੱਲ੍ਹਾ ਸਮੂਹ |
| (ਅ) ਜਨਮ ਤੇ ਆਧਾਰਿਤ ਮੈਂਬਰਸ਼ਿਪ | (ਅ) ਯੋਗਤਾ ਤੋਂ ਆਧਾਰਿਤ ਮੈਂਬਰਸ਼ਿਪ |
| (ੲ) ਅੰਤਰ ਵਿਆਹ ਸਮੂਹ | (ੲ) ਬਾਹਰੀ-ਵਿਆਹ ਸਮੂਹ |
| (ਸ) ਜੱਦੀ ਕਿੱਤਾ | (ਸ) ਕਿੱਤਾ ਨਿਸ਼ਚਿਤ ਨਹੀਂ |
| (ਹ) ਆਰਥਿਕ ਆਧਾਰ ਦੀ ਅਹਿਮੀਅਤ ਨਹੀਂ | (ਹ) ਆਰਥਿਕ ਆਧਾਰ ਦੀ ਮਹੱਤਤਾ |

| | |
|---|---|
| (ਕ) ਖਾਣ-ਪੀਣ ਸਮਾਜਿਕ ਮਿਲਵਰਤਨ ਤੇ ਰੋਕ | (ਕ) ਕੋਈ ਰੋਕ ਨਹੀਂ |
| (ਖ) 'ਅਸੀ ਦੀ ਭਾਵਨਾ' | (ਖ) ਵਿਅਕਤੀਵਾਦਤਾ |
| (ਗ) ਪ੍ਰਤੀਯੋਗਤਾ ਜਾਂ ਮੁਕਾਬਲੇ ਨੂੰ ਨਹੀਂ ਵਧਾਉਂਦੀ | (ਗ) ਪ੍ਰਤੀਯੋਗਤਾ ਨੂੰ ਵਧਾਵਾਂ ਦਿੰਦੀ ਹੈ। |
| (ਘ) ਨਿਰਾ ਅਧਿਆਤਮਿਕਤਾ ਤੇ ਆਧਾਰਿਤ | (ਘ) ਤਰਕਸ਼ੀਲਤਾ ਤੇ ਆਧਾਰਿਤ |
| (ਙ) ਸਿੱਖਿਆ ਦਾ ਬਹੁਤ ਮਹੱਤਵ ਨਹੀਂ | (ਙ) ਸਿੱਖਿਆ ਬਹੁਤ ਹੀ ਮਹੱਤਵਪੂਰਨ ਆਧਾਰ ਹੈ। |
| (ਚ) ਧਰਮ ਦੀ ਕਠੋਰਤਾ | (ਚ) ਧਰਮ ਦੀ ਕਠੋਰਤਾ ਨਹੀਂ |
| (ਛ) ਜਾਤ ਪੰਚਾਇਤਾਂ ਦੀ ਸੱਤਾ | (ਛ) ਕਾਨੂੰਨ ਦੀ ਸੱਤਾ |
| (ਜ) ਸਥਿਰ | (ਜ) ਅਸਥਿਰ |
| (ਝ) ਸਮਾਜਿਕ ਗਤੀਸ਼ੀਲਤਾ ਨਾ ਬਰਾਬਰ | (ਝ) ਸਮਾਜਿਕ ਗਤੀਸ਼ੀਲਤਾ ਤੇਜ਼ੀ ਨਾਲ |

## 7.6 ਮੁੱਖ ਸ਼ਬਦ

(ੳ) **ਅੰਦਰ-ਵਿਆਹ** :ਇਕ ਜਾਤ ਦੇ ਅੰਦਰ ਹੀ ਵਿਆਹ ਕਰਨ ਦੀ ਪ੍ਰਕ੍ਰਿਆ।

(ਅ) **ਬਾਹਰੀ-ਵਿਆਹ** :ਇਕ ਜਾਤ ਗੋਤ ਜਾਂ ਵਰਗ ਤੋਂ ਬਾਹਰ ਵਿਆਹ ਕਰਨ ਦੀ ਪ੍ਰਕ੍ਰਿਆ

(ੲ) **ਖੁੱਲ੍ਹਾ ਸਤਰੀਕਰਣ** :ਜਿਸ ਸਮਾਜ ਵਿਚ ਸਮਾਜਿਕ ਗਤੀਸ਼ੀਲਤਾ ਹੋਵੇ ਤੇ ਵਿਅਕਤੀ ਆਪਣੀ ਯੋਗਤਾ ਨਾਲ ਆਪਣੀ ਸਮਾਜਿਕ ਸਥਿਤੀ ਬਦਲ ਸਕਦਾ ਹੋਵੇ। ਜਿਵੇਂ ਵਰਗ ।

(ਸ) **ਬੰਦ ਸਤਰੀਕਰਣ** : ਜਿਸ ਸਮਾਜ ਵਿਚ ਸਮਾਜਿਕ ਗਤੀਸ਼ੀਲਤਾ ਨਾ ਮਾਤਰ ਹੋਵੇ ਤੇ ਵਿਅਕਤੀ ਆਪਣੀ ਮਰਜ਼ੀ ਨਾਲ ਆਪਣੀ ਸਮਾਜਿਕ ਸਥਿਤੀ ਨਾ ਬਦਲ ਸਕਦਾ ਹੋਵੇ। ਜਿਵੇਂ ਜਾਤ।

(ਹ) **ਤਰਕਸ਼ੀਲਤਾ** : ਜਦੋਂ ਕਿਸੇ ਚੀਜ਼ ਨੂੰ ਕਾਰਨ ਤੇ ਸਿੱਟੇ ਦੇ ਆਧਾਰ ਤੇ ਪਰਖ ਕੇ ਕੀਤਾ ਜਾਵੇ।

(ਕ) **ਵਿਅਕਤੀਵਾਦਤਾ** : ਜਦੋਂ ਕੋਈ ਵਿਅਕਤੀ ਸਿਰਫ਼ ਆਪਣੇ ਨਿੱਜੀ ਸਵਾਰਥਾਂ ਨੂੰ ਪੂਰਾ ਕਰਨ ਪ੍ਰਤੀ ਹੀ ਸੁਚੇਤ ਹੋਵੇ।

(ਖ) **ਪ੍ਰਤੀਯੋਗਤਾ** : ਜਦੋਂ ਚੀਜ਼ਾਂ ਘੱਟ ਹੋਣ ਅਤੇ ਉਨ੍ਹਾਂ ਨੂੰ ਲੈਣ ਵਾਲੇ ਜ਼ਿਆਦਾ, ਤਾਂ ਉਤਪੰਨ ਹੋਈ ਸਥਿਤੀ ਨੂੰ ਪ੍ਰਤੀਯੋਗਤਾ ਕਹਿੰਦੇ ਹਨ।

## 7.7 ਅਭਿਆਸ ਲਈ ਪ੍ਰਸ਼ਨ

(1) ਜਾਤ ਤੋਂ ਕੀ ਭਾਵ ਹੈ? ਇਹ ਜਮਾਤ ਤੋਂ ਕਿਵੇਂ ਭਿੰਨ ਹੈ?

(2) ਜਮਾਤ ਜਾਂ ਵਰਗ ਕਿਸ ਨੂੰ ਆਖਦੇ ਹਨ? ਜਾਤ ਅਤੇ ਵਰਗ ਵਿਚ ਅੰਤਰ ਦਰਸਾਓ।

(3) ਜਾਤ ਅਤੇ ਜਮਾਤ ਦੀਆਂ ਮੁੱਖ ਵਿਸ਼ੇਸ਼ਤਾਈਆਂ ਲਿਖੋ।

**ਸੰਖੇਪ ਸਵਾਲ**

(ੳ) ਅੰਤਰ-ਸਮੂਹ

(ਅ) ਬਾਹਰੀ-ਸਮੂਹ

(ੲ) ਬੰਦ-ਸਮੂਹ

(ਸ) ਖੁੱਲ੍ਹਾ ਸਮੂਹ

## 7.8 ਉਪਯੋਗ ਪੁਸਤਕਾਂ


ਗਿਜਬਰਟ : ਫੰਡਾਮੈਂਟਲਜ਼ ਆਫ਼ ਸੋਸ਼ਿਆਲੋਜੀ

ਗਿਡਿੰਨਜ : ਸੋਸ਼ਿਆਲੋਜੀ

ਗੁਰੀਏ : ਕਾਸਟ ਐਂਡ ਕਲਾਸ ਇਨ ਇੰਡੀਆ

ਸ੍ਰੀ ਨਿਵਾਸ : ਕਾਸਟ ਇਨ ਮਾਡਰਨ ਇੰਡੀਆ

ਵਿਦਿਆਭੂਸਨ ਸੱਚਦੇਵਾ : ਐਨ ਇੰਟਰੋਡਕਸ਼ਨ ਟੂ ਸੋਸ਼ਿਆਲੋਜੀ

ਕੇ.ਐਲ. ਸ਼ਰਮਾ : ਸੋਸ਼ਲ ਸਟਰੈਟੀਫੀਕੇਸ਼ਨ ਇਨ ਇੰਡੀਆ